ਮਾਸਕ ੧੯ ਪਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਜ

ਅੰਮ੍ਰਿਤਸਰ

## ਵੱਡਾ ਘਲੂਘਾਰਾ

SEPT 1987

ਸਤੰਬਰ ੧੯੮੭



ਬੇਅਣਖੇ ਹੋ ਕੇ ਜੀਣ ਨਾਲੋਂ ਸਿੰਘਾਂ ਨੇ ਮਰ ਮਿਟਣਾ ਚੰਗਾ ਸਮਝਿਆ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ ੩/੭੦-੬੮-੪ (ਅ. ਪ.) ਮਿਤੀ ੧੭-੧੦-੬੮ ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਦੁਸ਼ਟ ਜਿਤੇ ਉਠਵਤ ਉਤਪਾਤਾ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਖਾਲਸਾ ਜੀ ਦਾ ਗੁਰਮਤਿ ਆਦਰਸ਼ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| 'ਰਾਗੁ ਨਾਦੁ ਸਭੁ ਸਚੁ ਹੈ' | ੮ | 'ਸੂਰਾ' ਪਰਵਾਰ |
| 'ਮਨੁ ਤਨੁ ਆਗੈ ਰਾਖਿ ਕੈ' | ੧੨ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਬਿਨਾਂ ਉਲਫਤ ਇਬਾਦਤ ਦਾ (ਕਵਿਤਾ) | ੧੪ | ਸ: ਉਜਾਗਰ ਸਿੰਘ ਉਲਫਤ |
| ਗੁਰੂ ਗ੍ਰੰਥ ਤੇ ਨਵੀਂ ਸੰਸਕ੍ਰਿਤੀ | ੧੫ | ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ |
| ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੧੮ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਗੁਰੂ ਗ੍ਰੰਥ ਸਾਹਿਬ 'ਬਾਕੀ ਦਗ-ਦਗਾਉਂ ਦਾ ਆਦਿ ਸੱਚ' | ੨੧ | ਡਾਕਟਰ ਜਗਜੀਤ ਸਿੰਘ ਜੀ |
| ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ | ੨੯ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ | ੩੨ | ਡਾਕਟਰ ਤਾਰਨ ਸਿੰਘ ਜੀ |
| ਸਿਖ ਦੇ ਨਿਆਰੇਪਣ ਨੂੰ ਵੰਗਾਰਨ ਦਾ ਸਿੱਟਾ | ੩੩ | ਸ: ਨਰੈਣ ਸਿੰਘ ਜੀ ਐਮ. ਏ. |
| ਧਰਮ ਦੀ ਹਾਨੀ (ਕਵਿਤਾ) | ੩੬ | ਸ: ਤੇਗ ਬਹਾਦਰ ਸਿੰਘ ਤੇਗ |
| ਮਾਨਸਿਕ ਰੋਗ | ੩੭ | ਡਾਕਕਰ ਅਮਰੀਕ ਸਿੰਘ ਜੀ |
| ਰਹਿਤ ਬਿਨਾ ਨਾ ਸਿਖ ਕਹਾਵੈ | ੪੦ | 'ਸੂਰਾ' ਪਰਵਾਰ |
| ਫ਼ਰੁਖਸੀਅਰ ਨੂੰ ਕਿਹਾ, ਲਲਕਾਰ ਬੰਦੇ (ਕਵਿਤਾ) | ੪੧ | ਪਾਂਧੀ ਨਨਕਾਣਵੀ |
| ਗੁਰੂ ਕੀ ਗੋਲਕ | ੪੨ | ਭਾਈ ਗੁਰਦਾਸ ਜੀ |


| | | | |
|---|---|---|---|
| ਸ੍ਰੀ ਗੁਰੂ ਰਾਮਦਾਸ ਜੀ ਗੁਰਿਆਈ | ੫ ਸਤੰਬਰ | ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ | ੭ ਸਤੰਬਰ |
| ਸ੍ਰੀ ਗੁਰੂ ਅੰਗਦ ਦੇਵ ਜੀ ਗੁਰਿਆਈ | ੧੨ ਸਤੰਬਰ | ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ | ੧੭ ਸਤੰਬਰ |

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਭਾ: ਮਨਜੀਤ ਸਿੰਘ ਜੱਬਲਪੁਰ | ਚੜ੍ਹਾਵਾ : ਭੁਜੰਗੀ ਦੇ ਨਾਮ ਕਰਨ ਸਮੇਂ | ੧੫੧—੦੦ |
| ਬੀਬੀ ਸਤਵੰਤ ਕੌਰ ਸਹਿਗਲ ਯੂ. ਕੇ. | ਸੂਰਾਂ ਦੀ ਚੜ੍ਹਦੀ ਕਲਾ ਲਈ | ੬੦—੫੦ |
| ਬੀਬੀ ਸੁਰਿੰਦਰ ਕੌਰ, ਹੇਸਲੋ ਯੂ. ਕੇ. | ,, ,, ,, | ੮੨—੮੦ |
| ਭਾ: ਅਮਰਜੀਤ ਸਿੰਘ ਸਉਥਾਲ ਯੂ. ਕੇ. | ,, ,, ,, | ੨੯੦—੦੦ |
| ਬੀਬੀ ਬਲਵੀਰ ਕੌਰ ਸ: ਸੁਰਿੰਦਰ ਸਿੰਘ, ਰੈਡਿੰਗ ਯੂ.ਕੇ. | ,, ,, ,, | ੪੧੫—੮੦ |
| ਬੀਬੀ ਕਿਰਪਾਲ ਕੌਰ, ਡਰਬੀ ਯੂ. ਕੇ. | ,, ,, ,, | ੬੧—੮੫ |
| ਸ: ਦਵਿੰਦਰ ਸਿੰਘ ਖਾਲਸਾ ਆਗਰਾ | ਮਾਤਾ ਜੀ ਦੀ ਯਾਦ ਵਿਚ | ੫੦—੦੦ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੯-੮੭ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847 ਘਰ : 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ~ ਸ੍ਰੀ ਅੰਮ੍ਰਿਤਸਰ ~ ਪੱਤਰ


**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |

**ਪਰਦੇਸ (ਸਾਰੇ ਦੇਸ)**
**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੬੮-੦੦ |
| ਹਵਾਈ ਡਾਕ | ੧੦੦-੦੦ |

Foreign Subscription

| | |
|---|---|
| Sea Mail | 40-00 |
| Air Mail | 100-00 |

**ਅਮਾਨਤੀ**
**ਲਾਈਫ਼ ਮੈਂਬਰ**

| | |
|---|---|
| ਦੇਸ | ੧੫੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੦੦੦-੦੦ |

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੧ ਸਤੰਬਰ ੧੯੮੭ ਅੰਕ ੯


## ਦੁਸ਼ਟ ਜਿਤੇ ਉਠਵਤ ਉਤਪਾਤਾ ॥
## ਸਕਲ ਮਲੇਛ ਕਰੋ ਰਣ ਘਾਤਾ ॥ ੨੦ ॥

[ਪਾ: ੧੦ ਕਬਿਯੋ ਬਾਚ ਬੇਨਤੀ ਚੌਪਈ

ਦੁਸ਼ਟ-ਦਮਨੇਸ਼ ਸ੍ਰੀ ਗੁਰੂ ਦਸਮੇਸ਼ ਜੀ ਦਾ ਧਰਮ-ਧੁਰੰਦਰੀ ਉਦੇਸ਼ ਸੱਚ ਉਪਕਾਰ ਆਦਰਸ਼ੀ ਇਹ ਹੈ, ਜੋ ਉਪਰ ਅੰਕਤੀ ਦੁਪੰਗਤੀ ਵਿਚ ਖਾਲਸਾ ਪਥ ਪ੍ਰਤੀ ਪ੍ਰਤਿਪਾਦਨ ਹੋਇਆ ਹੈ, ਉਸ ਸ੍ਰੀ ਕਲਗੇਸ਼ ਪਿਤਾ ਜੀ ਵਲੋਂ, ਜਿਨ੍ਹਾਂ ਦਾ ਮੁਖ ਪ੍ਰਯੋਜਨ ਜਗ-ਜਨਮ-ਯਾਤਰਾ ਦਾ ਕੇਵਲ ਇਹ ਸੀ :

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥ ੪੨ ॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥ ੪੩ ॥

[ ਪਾ: ੧੦, ਬਚਿਤ੍ਰ ਨਾਟਕ, ਅਧਿਆਇ ੬

[ਭਾ: ਸਾ: ਭਾਈ ਰਣਧੀਰ ਸਿੰਘ ਜੀ, ੧੯੪੭ ਵਿਚ ਲਿਖੇ ਲੇਖ ''ਖਾਲਸਾ ਜੀ ਦਾ ਗੁਰਮਤਿ ਆਦਰਸ਼'' ਚੋਂ]



www.AKJ.Org

# ਖਾਲਸਾ ਜੀ ਦਾ ਗੁਰਮਤਿ ਆਦਰਸ਼

[ ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ]

ਨੋਟ–ਇਹ ਲੇਖ ੧੯੪੭ ਵਿਚ ਲਿਖਿਆ ਗਿਆ ਸੀ, ਜਦੋਂ ਦੇਸ਼ ਦੀ ਵੰਡ ਤਾਜ਼ੀ ਤਾਜ਼ੀ ਹੋਈ ਸੀ। ਪਾਕਿਸਤਾਨ ਦੀਆਂ ਕੁਝ ਕੁਹਜੀਆਂ ਹਰਕਤਾਂ ਵੇਖ ਕੇ ਇਕ ਸੱਚੇ ਤੇ ਉਚੇ ਨਾਗਰਿਕ ਅੰਦਰ ਜੋ ਵਲਵਲੇ ਉਠੇ, ਉਹ ਇਸ ਲੇਖ ਵਿਚ ਅੰਕਤ ਹਨ।
ਸੂਰਾ ਮਾਸਕ ਪੱਤਰ ਅਪ੍ਰੈਲ ੧੯੬੭ ਪਟਿਆਲਾ ਵਿਚੋਂ ਇਹ ਲੇਖ ਪ੍ਰਾਪਤ ਹੋਇਆ ਹੈ।

—ਸੰਪਾਦਕ

**ਦੁਸ਼ਟ ਜਿਤੇ ਉਠਵਤ ਉਤਪਾਤਾ ॥ ਸਕਲ ਮਲੇਛ ਕਰੋ ਰਣ ਘਾਤਾ ॥**

[ ਪਾ: ੧੦ ਕਬਿਯੋ ਬਾਚ ਬੇਨਤੀ ਚੌਪਈ

ਦੁਸ਼ਟ ਦਮਨੇਸ਼ ਸ੍ਰੀ ਗੁਰੂ ਦਸਮੇਸ਼ ਜੀ ਦਾ ਧਰਮ-ਧੁਰੰਦਰੀ ਉਦੇਸ਼ ਸੱਚ ਉਪਕਾਰ ਆਦਰਸ਼ੀ ਉਪਦੇਸ਼ ਇਹ ਹੈ, ਜੋ ਉਪਰ ਅੰਕਤੀ ਦੁਪੰਗਤੀ ਵਿਚ ਖਾਲਸਾ ਪੰਥ ਪ੍ਰਤੀ ਪ੍ਰਤਿਪਾਦਨ ਹੋਇਆ ਹੈ, ਉਸ ਸ੍ਰੀ ਕਲਗੇਸ਼ ਪਿਤਾ ਜੀ ਵਲੋਂ, ਜਿਨ੍ਹਾਂ ਦਾ ਮੁਖ ਪ੍ਰਯੋਜਨ ਜਗ-ਜਨਮ-ਯਾਤਰਾ ਦਾ ਕੇਵਲ ਇਹ ਸੀ–

**ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥**
**ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥੪੨॥**
**ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥**
**ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥**

[ ਪਾ: ੧੦, ਬਚਿਤ੍ਰ ਨਾਟਕ, ਅਧਿਆਇ ੬

ਇਸ ਉਪਰਲੇ ਆਦਰਸ਼ ਨੂੰ ਹੀ ਅਮਲੀ ਜਾਮਾ ਪਹਿਨਾਉਣ ਲਈ ਅਜ਼ਲੀ ਅਬਦੀ ਇਰਫ਼ਾਨ ਦੇ ਸਿਆਸਤ-ਦਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਸੱਚੇ ਪਾਤਿਸ਼ਾਹ ਨੇ ਅਕਾਲੀ ਪੰਥ ਖਾਲਸਾ ਸਾਜਿਆ। ਸਾਜ ਕੇ ਅਧਿਆਤਮਕ ਸੂਰਬੀਰਤਾ ਵਿਚ ਨਿਪੁੰਨ ਕੀਤਾ। ਪ੍ਰਮਾਰਥਕ ਕਲਾ ਜਲਾਲਨੀ ਜਾਗਤ ਜੋਤਿ ਜਗਾ ਕੇ ਨਿਖਾਲਸ (ਨਿਰੋਲ ਖਾਲਸ) ਖਾਲਸਾ ਜੀ ਧਰਮ ਹੇਤ ਪਰਉਪਕਾਰ ਹੇਤ ਮਰ ਮਿਟਣ ਵਾਲੇ ਅਤੇ ਧਰਮ-ਯੁਧ ਵਿਚ ਜ਼ਾਲਮਾਂ ਅਧਰਮੀਆਂ ਨੂੰ ਸੋਧ ਸਾਧ ਕੇ ਮਲੀਆਮੇਟ ਕਰਨਹਾਰੇ ਨਿਰਭੈ ਜੋਧਿਆਂ ਦੀ ਸੱਚੀ ਸਪਿਰਿਟ ਬਖ਼ਸ਼ੀ। ਇਸ ਸਪਿਰਿਟ ਸੇਤੀ ਸਰਸ਼ਾਰ ਹੋਏ ਖਾਲਸਾ ਜੀ ਦੀਆਂ ਅਕਾਲੀ ਫੌਜਾਂ ਨੇ ਉਹ ਕਾਰਨਾਮੇ ਕਰ ਕੇ ਦਿਖਾਏ ਹਨ ਕਿ ਦੁਨੀਆ ਦੰਗ ਰਹਿ ਗਈ ਹੈ। ਇਸ ਸਪਿਰਿਟ ਨਾਲ ਸੰਧੂਰਤ ਹੋਏ ਖਾਲਸਾ ਜੀ ਨੂੰ ਸਿਵਾਏ ਗੁਰੂ ਅਕਾਲ ਪੁਰਖ ਦੇ ਹੋਰ ਕਿਸੇ ਦੀ ਓਟ ਤਕਣ ਦੀ ਕਜ਼ਬ-ਖ਼ਿਆਲਣੀ ਹੀ ਨਹੀਂ ਉਪਜੀ। 'ਸਦਾ ਚੜ੍ਹਦੀਆਂ ਕਲਾਂ ਵਾਲਾ ਔਜ' ਖਾਲਸਾ ਜੀ ਦਾ ਇਕੋ ਇਕ ਧੁਰਵਾ ਇਸ ਕਰਕੇ ਰਿਹਾ ਹੈ ਕਿ ਖਾਲਸਾ ਪੰਥ ਕਦੇ ਕਿਸੇ ਦਾ ਮੁਥਾਜ ਨਹੀਂ ਰਿਹਾ; ਬੇਪਰਵਾਹ ਹੋ ਕੇ ਤੇਜ ਕਰਾਰੇ ਵਿਚ, ਨਿਆਰਾ ਹੋ ਕੇ ਗੂੰਜਦਾ ਗਰਜਦਾ ਰਿਹਾ। ਕਪਟ-ਪੰਥੀਆਂ ਦੀ ਕਨੌਡ ਵਿਚ ਕਦੇ ਨਹੀਂ ਆਇਆ, ਕਦੇ ਕਿਸੇ ਦੀ ਈਨ ਨਹੀਂ ਮੰਨੀ। ਕਦੇ ਕਿਸੇ ਦੀ ਮਸਲਤ ਮੁਸਾਹਬੀ ਦੀ ਝੇਪ ਵਿਚ ਨਹੀਂ ਆਇਆ। ਕਦੇ ਕਾਂਪ ਨਹੀਂ ਖਾਧੀ। ਕਦੇ ਕਾਇਰਤਾ ਵਾਲੀ ਸ਼ਾਂਤ ਬਿਰਤ ਨਹੀਂ ਸਾਧੀ। ਦੁਨੀਆ ਵਾਲੇ ਸਰਬ ਸਿਆਸਤਦਾਨਾਂ ਤੋਂ ਸ੍ਰੇਸ਼ਟ ਅਤੇ ਉਚਾ ਮਤਾ ਖਾਲਸਾ ਜੀ ਦਾ ਰਿਹਾ ਹੈ। "**ਏਕ ਬਿਨਾ ਮਨਿ ਨੈਕ ਨ ਆਨੈ**" ਵਾਲੀ ਟੇਕ ਨੇ ਸਦਾ ਹੀ ਖਾਲਸਾ ਜੀ ਨੂੰ ਸਰਫ਼ਰਾਜ਼ ਅਤੇ ਸਰਬਲੰਦ ਰਖਿਆ ਹੈ। ਗੁਰੂ ਕਾ ਖਾਲਸਾ ਅਨਮਤੀਆਂ ਦੇ ਮਿਲਗੋਭਾਪਨ ਤੋਂ ਸਦਾ ਨਿਰਲੇਪ ਰਹਿਆ ਹੈ। ਤਦੇ ਗੁਰੂ ਸੱਚਾ ਪਾਤਸ਼ਾਹ ਖਾਲਸਾ ਜੀ ਦਾ ਹਰ ਬਾਬ ਸਹਾਈ ਰਹਿਆ ਹੈ। ਗੁਰੂ ਦਸਮੇਸ਼ ਪਿਤਾ ਦੇ ਫ਼ੁਰਮਾਨ ਉਤੇ ਖਾਲਸਾ ਜੀ ਦੀ ਦ੍ਰਿੜ੍ਹ ਅਤੇ ਪੱਕੀ ਪ੍ਰਤੀਤ ਰਹੀ ਹੈ–



www.AKJ.Org

ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤਜ ਦਾਓ ਮ ਸਾਰਾ ॥
ਜਬ ਇਹ ਗਹਹਿ ਅਨਮਤੀ ਰੀਤ ॥ ਮੈਂ ਨਾ ਕਰਉ ਇਨ ਕੀ ਪ੍ਰਤੀਤ ॥

ਖਾਲਸਈ ਪ੍ਰਤੀਤ ਉਤੇ ਸਤਿਗੁਰੂ ਦੀ ਪ੍ਰਤੀਤ ਛਤਰ ਛਾਇਆ ਹੋ ਕੇ ਨਦਰ ਕਰੰਮੀ ਮੇਹਰਾਂ ਵਰਸਾਉਂਦੀ ਹੈ। ਇਹ ਬਿਪ੍ਰੀਤੀ ਬੇਪ੍ਰਤੀਤੀ ਹੋ ਬੀਤੀ ਸੋ ਬੀਤੀ। ਅਗੇ ਨੂੰ ਹੀ ਚੌਕਸਤਾ, ਸਾਵਧਾਨਤਾ ਰਹੇ ਤਾਂ ਭੀ ਖਾਲਸੇ ਦੇ ਪੌਂ ਬਾਰ੍ਹਾਂ ਹਨ। ਅਸੀਂ ਸਗਲੀ ਠੋਕ ਵਜਾ ਡਿਠੀ। ਕੜੀ ਕਾਂਗਰਸ ਅਤੇ ਨਵੀਂ ਬਣੀ ਗੜੀ ਗਵਰਨਮੈਂਟ ਅਸਾਡੇ ਕਿਸੇ ਕੰਮ ਨਹੀਂ ਆਉਣੀ। ਜੋ ਕੁਝ ਕਰਨਾ ਹੈ, ਸੋ ਖਾਲਸੇ ਨੇ ਆਪਣੇ ਬਾਹੂ-ਬਲ ਦੇ ਜ਼ੋਰ ਤੇ ਹੀ ਕਰਨਾ ਹੈ, ਅਤੇ ਗੁਰੂ ਅਕਾਲ ਪੁਰਖ ਦੇ ਆਸਰੇ ਪਰਨੇ ਹੋ ਕੇ ਹੀ ਕਰਨਾ ਹੈ। ਪਿਛਲੇ ਧੋਣੇ ਸਭ ਧੋ ਦੇਣੇ ਹਨ।

ਦੇਸ਼-ਵੰਡੀਆਂ ਦੀ ਕੂੜਾਵੀ ਲਾਲਸਾ ਤਿਆਗ ਕੇ, ਮੁਲਕਗੀਰੀ ਦੀ ਮਰਦੂਦ ਤ੍ਰਿਸ਼ਨਾ ਛਡ ਕੇ,ਇਕੋ ਖਾਲਸਾ ਮੇਅਰਾਜ ਔਜੀ ਆਦਰਸ਼ ਨੂੰ ਮੁਖ ਰਖਣਾ ਹੈ। ਦੁਸ਼ਟ ਉਤਪਾਤੀਆਂ ਨੂੰ ਦੰਡ ਦੇਣਾ ਹੈ। ਸਗਲ ਮਲੇਛ ਜ਼ਾਲਮਾਂ ਨੂੰ ਰਣ-ਘਾਤ ਕਰਨਾ ਹੈ। **ਪੂਰਨ ਜੋਤਿ-ਜਗਨੇ ਸੂਰਬੀਰ ਖਾਲਸੇ ਬਣ ਕੇ**। ਆਪਣੀਆਂ ਰਗਾਂ ਅੰਦਰ ਪੂਰਨ ਸੂਰਬੀਰਤਾ ਦਾ ਖ਼ੂਨ ਮੁੜ ਸੁਰਜੀਤ ਕਰਕੇ। ਬਸ,ਇਕ ਖਾਲਸਈ ਸਪਿਰਿਟ ਅਸਾਡੇ ਅੰਦਰ ਸੁਰਜੀਤ ਹੋਵੇ,ਫੇਰ ਅਸੀਂ ਕਿਸ ਦੇ ਲੈਣ ਦੇ ਹਾਂ। ਸਾਰੀ ਏਹੜ ਤੇਹੜ ਛਡ ਕੇ,ਸਾਰੀਆਂ ਕਮਜ਼ੋਰੀਆਂ ਭਰੀਆਂ ਸਿਆਣਫ਼ਾਂ ਨੂੰ ਸਾੜ ਕੇ,ਮਦਾਨੀਂ ਜੂਝਣ ਦਾ ਇਕੋ ਇਕ ਅੰਦੀਆ ਹਿਰਦੇ ਅੰਦਰ ਧਾਰ ਕੇ ਗਗਨ ਦਮਾਮਾ ਬਜਾ ਦੇਈਏ। ਇਕ-ਦਮ ਇਕੱਠੇ ਹੋ ਕੇ ਵਜਾ ਦੇਈਏ। ਫ਼ਤਹ ਦਾ ਸਿਹਰਾ ਤੁਸਾਡੇਅਸਾਡੇ ਸੀਸ ਤੇ ਝੁਲੇਗਾ। ਦਾਉ ਜੂਝਣ ਦਾ ਖੁੰਝਦਾ ਜਾਂਦਾ ਹੈ। ਬਥੇਰਾ ਖੁੰਝ ਚੁਕਿਆ। ਬਸ, ਹੋਰ ਖੁੰਝਣ ਨਾ ਦੇਈਏ। ਗ਼ਨੀਮ ਸਿਰ ਤੇ ਚੜ੍ਹਿਆ ਆ ਰਿਹਾ ਹੈ। ਗੀਦੀਆਂ ਨੂੰ ਕੋਈ ਗੁਮੇਹ ਹੀ ਨਹੀਂ। ਜਿਨਾਹੀ ਜਨੂੰਨੀ, ਮਿਸਟਰ ਜਿਨਾਹ ਦੇ ਗੁਮਰਾਹ ਕੀਤੇ ਹੋਏ ਅਤੇ ਵਹਿਸ਼ੀਆਨਾ ਜ਼ੁਲਮ ਤੇ ਦਰਿੰਦਿਆਂ ਵਾਲੀ ਦੁਸ਼ਟਤਾ ਨਾਲ ਭਰੇ ਹੋਏ ਅਗਾਹ ਵਧੇ ਚਲੇ ਆ ਰਹੇ ਹਨ। ਉਹਨਾਂ ਨੇ ਇਕ ਪਰਕਾਰ ਵਾਰ (war) ਡੀਕਲੇਅਰ (declare) ਕਰ ਦਿਤੀ ਹੈ। ਪਰ ਅਸਾਡੇ ਹਿੰਦੁਸਤਾਨੀ ਗਵਰਨਮੈਂਟ ਦੇ ਨਵੀਨ ਨੇਤਾ ਨਿਸਲ ਹੋਏ ਬੈਠੇ ਨਿਪੁੰਸਕਤਾ ਦੇ ਦੇਵਤਾ ਦੀ ਅਰਾਧਨਾ ਕਰਿ ਰਹੇ ਹਨ। ਇਹਨਾਂ ਹਿੰਦੁਸਤਾਨੀ ਨੇਤਾਵਾਂ ਦੀ ਨਿਪੁੰਸਕਤਾ ਨੂੰ ਦੇਖ ਕੇ ਇਹ...ਸ਼ੈਤਾਨ ਸਗੋਂ ਹੋਰ ਭੂਸਰ ਗਏ ਹਨ। ਇਹ ਤਾਂ ਆਪਣੇ ਭਾਣੇ ਏਹਨਾਂ ਨਾਲ ਅਹਿਦ ਪੈਮਾਨੀ ਗਠ-ਜੋੜ ਕਰੀ ਬੈਠੇ ਹਨ। ਅਤੇ ਏਸੇ ਕੂੜੇ ਭਰਵਾਸੇ ਅਵੇਸਲੇ ਹੋ ਰਹੇ ਹਨ। ਓਧਰ ਉਹ ਨਾਪਾਕ ਅਹਿਦ-ਪੈਮਾਨੀਏ ਦਬਾ ਦਬ ਤਿਆਰੀਆਂ ਕਰ ਰਹੇ ਹਨ। ੨ ਸਤੰਬਰ ਨੂੰ ਅਮਨ ਅਮਾਨ ਰਖਣ ਦੇ ਪ੍ਰਸਪਰ ਅਹਿਦੋ-ਪੈਮਾਨ ਹੋਏ ਹਨ ਅਤੇ ੩ ਸਤੰਬਰ ਨੂੰ ਹੀ ਏਹਨਾਂ ਪੈਮਾਨ-ਸ਼ਿਕਨੀ ਨਾਪਾਕ........ਸ਼ੈਤਾਨਾਂ ਨੇ ਬਾਉਂਡਰੀ ਕਮਿਸ਼ਨ ਦੀ ਨੀਯਤ ਕੀਤੀ ਫ਼ੈਸਲਾ-ਕੁਨ ਬਾਉਂਡਰੀ ਨੂੰ ਉਲੰਘ ਕੇ ਅਤੇ ਅਗਾਂਹ ਵਧ ਕੇ ਹਿੰਦੁਸਤਾਨੀ ਗਵਰਨਮੈਂਟ ਦੀ ਵੰਡ ਵਿਚ ਆਏ ਡੇਢ ਸੌ (੧੫੦) ਪਿੰਡਾਂ ਤੇ ਧਾਵਾ ਬੋਲ ਕੇ ਕਬਜ਼ਾ ਕਰ ਲਿਆ ਹੈ। ਇਹ ਧਾਵੇ ਫ਼ੌਜੀ ਧਾਵੇ ਹਨ। ਮਿਲਟਰੀ ਫ਼ੌਜਾਂ ਦੀ ਜੰਗਜੂਅਤ ਨਾਲ ਨਿਹੱਥੇ ਪਿੰਡਾਂ ਦੇ ਕਬਜ਼ੇ ਜਮਾ ਲਏ ਹਨ। ਇਹ ਪਾਕਿਸਤਾਨੀ ਕਾਰੇ ਪਰਗਟ ਪਹਾਰੇ ਹਨ। ਪਰ ਹਿੰਦੁਸਤਾਨੀ ਗਵਰਨਮੈਂਟ ਦੀ ਗ਼ੈਰਤ ਦੇ ਖ਼ੂਨ ਨੂੰ ਜ਼ਰਾ ਭੀ ਜੋਸ਼ ਨਹੀਂ ਆਇਆ। ਜੁੰਬਸ਼ ਹੀ ਨਹੀਂ ਹੋਈ। ਹੱਥ ਤੇ ਹੱਥ ਧਰੀ ਬੈਠੇ ਹਨ। ਪਰ ਇਹਨਾਂ ਨੂੰ ਕੀ ਪਈ। ਇਹਨਾਂ ਦੀ ਜਾਣੇ ਬਲਾ। ਇਹ ਆਫ਼ਤ ਤਾਂ ਬਿਚਾਰੇ ਪੰਜਾਬੀਆਂ ਤੇ ਆਈ ਹੈ। ਖ਼ਾਸ ਕਰਕੇ ਸਿੱਖਾਂ ਤੇ ਹੀ ਇਹ ਸ਼ਾਮਤ ਨਾਜ਼ਲ ਹੋਈ ਹੈ। ਪਰ ਹਿੰਦੁਸਤਾਨੀ ਗਵਰਨਮੈਂਟੀਆਂ ਨੂੰ ਯਾਦ ਰਹੇ ਕਿ ਉਹ ਦਿਨ ਦੂਰ ਨਹੀਂ ਕਿ ਜੇਕਰ ਇਸ ਜ਼ੁਲਮੀ ਗ਼ਨੀਮ ਦਾ ਹੜ ਏਥੇ ਨਾ ਰੋਕਿਆ ਗਿਆ ਤਾਂ ਸਾਰੇ ਹਿੰਦੁਸਤਾਨੀ ਅਤੇ ਸਮੁਚੀ ਹਿੰਦੁਸਤਾਨ ਗਵਰਨਮੈਂਟ ਨੂੰ ਇਕ ਫੇਰੇ ਵਿਚ ਰੁੜ੍ਹਾ ਲੈ ਜਾਵੇਗਾ। ਅਤੇ ਸਾਰੇ ਹਿੰਦੁਸਤਾਨ ਤੇ ਪਾਕਿਸਤਾਨੀ ਝੰਡਾ ਝੂਲ ਜਾਵੇਗਾ। ਇਹਨਾਂ ਭੂਸਰੇ ਹੋਏ ਪਾਕਿਸਤਾਨੀਆਂ ਦਾ ਚਿਰੋਕਣਾ ਇਹੋ ਅੰਦੋਲਨ ਹੈ ਕਿ ਸਾਰੇ ਹਿੰਦੁਸਤਾਨ ਤੇ ਕਬਜ਼ਾ ਕਰ ਕੇ ਦਿੱਲੀ ਨੂੰ ਆਪਣਾ ਦਾਰੁਲਸਲਤਨਤ (ਰਾਜਧਾਨੀ) ਬਣਾਉਣਾ ਹੈ। ਕਾਂਗਰਸ ਨੇ ਇਹਨਾਂ ਨੂੰ ਪਾਕਿਸਤਾਨੀ ਵੰਡ ਵਿਚ ਅਧਿਓਂ ਬਾਹਲਾ ਪੰਜਾਬ ਦੇ ਕੇ, ਇਨ੍ਹਾਂ ਦੇ ਹਿੰਦੁਸਤਾਨ ਤੇ ਕਬਜ਼ਾ ਕਰਨ ਦੇ ਹੌਸਲੇ ਹੋਰ ਭੀ ਵਧਾ ਦਿਤੇ ਹਨ।



www.AKJ.Org

ਹੁਣੇ ਹੀ ਸਟੇਟਸਮੈਨ ਅਖ਼ਬਾਰ ਵਿਚ ਜਿਨਾਹ ਦਾ ਸਜਰਾ ਬਿਆਨ ਛਪਿਆ ਹੈ, ਜਿਸ ਵਿਚ ਉਸ ਨੇ ਦੋ ਲੱਖ ਪਠਾਣਾਂ ਅਤੇ ਪੰਜਾਹ ਹਜ਼ਾਰ ਪਾਕਿਸਤਾਨੀ ਮੁਸਲਮਾਨਾਂ ਦੀ ਨਵੀਂ ਫੌਜ ਦੀ ਭਰਤੀ ਦਾ ਖੁਲ੍ਹਮ-ਖੁਲ੍ਹਾ ਡੰਕਾ ਬਜਾ ਦਿਤਾ ਹੈ। ਹਥਿਆਰ ਅਤੇ ਐਮੀਊਨੀਸ਼ਨ (arms and ammunition) ਤਿਆਰ ਕਰਨ ਲਈ ਕਾਂਗ੍ਰਸੀ ਕੋਤਾਹ-ਅੰਦੇਸ਼ ਸਿਆਸਤਦਾਨਾਂ ਨੇ ਤਮਾਮ ਮੁਲਕ ਭਰ ਦੇ ਸਾਂਝੇ ਰੀਜ਼ਰਵ ਬੈਂਕ ਵਿਚੋਂ ਤਰਾ-ਤਰੀ ਮਾਇਆ ਦੇ ਗਫੇ ਵਰਤਣ ਲਈ ਖੁਲ੍ਹ ਦੇ ਦਿਤੀ ਹੈ। ਸਟੇਟਸਮੈਨ ਅਖ਼ਬਾਰ ਦੀ ਸਜਰੀ ਖ਼ਬਰ ਦਸਦੀ ਹੈ ਕਿ ਬੀਸ ਕ੍ਰੋੜ (੨੦,੦੦,੦੦,੦੦੦) ਰੁਪਿਆ ਇਸੇ ਪਾਕਿਸਤਾਨੀ ਗਵਰਨਮੈਂਟ ਨੇ ਰੀਜ਼ਰਵ ਬੈਂਕ ਵਿਚੋਂ ਕਢਾ ਕੇ ਖਰਚਣਾ ਸ਼ੁਰੂ ਭੀ ਕਰ ਦਿਤਾ ਹੈ। ਕਾਹਦੇ ਲਈ ? ਆਰਮਜ਼ ਤੇ ਐਮੀਊਨੀਸ਼ਨ ਲਈ। ਪਰ ਸਾਡੀ ਹਿੰਦੁਸਤਾਨੀ ਗਵਰਨਮੈਂਟ ਅਜੇ ਭੀ ਘੂਕ ਸੁਤੀ ਪਈ ਹੈ। ਅਮਨ ਕਾਇਮ ਕਰਨ ਦੀਆਂ ਘਾੜਤਾਂ ਘੜ ਰਹੀ ਹੈ। ਮ੍ਰਿਗ-ਤ੍ਰਿਸ਼ਨਾ ਵਾਲੇ ਫੋਕੇ ਸੁਪਨੇ ਲੈ ਰਹੀ ਹੈ। ਦੇਖੋ ੪ ਅਤੇ ੫ ਸਤੰਬਰ ਦੇ ਸਟੇਟਸਮੈਨ ਵਿਚੋਂ ਉਪਰ ਲਿਖੀਆਂ ਗੱਲਾਂ ਦੀ ਪ੍ਰੋੜ੍ਹਤਾ—

> "Pakistan army, it is also learnt, may recruit about 50,000 ex-servicemen from the Punjab and 2,00,000 from the North West Frontier in the near future. Some troops of the Pakistan army may be sent overseas for advanced training."
>
> —The Statesman, Sep. 4, Page I, Column 4,

ਬੀਸ ਕਰੋੜੀ ਫ਼ੰਡ ਪ੍ਰਥਾਇ ਇਹ ਅਗਲਾ ਹਵਾਲਾ ਹੈ—

> "The first official indication that the Reserve BanK of India is functioning as a joint bank of two Dominions of India and Pakistan has come from the latest weekly return figures published by the Bank. Pakistan has made the first draw on the credit of Rs. 20,00,00,000 granted to her Government."
>
> ---The Statesman, 5, September.

ਇਹ ਸਭ ਕੁਝ ਬੀਸ-ਕਰੋੜੀ ਫ਼ੰਡ, ਜੋ ਰੀਜ਼ਰਵ ਬੈਂਕ ਵਿਚੋਂ ਪਾਕਿਸਤਾਨੀਆਂ ਨੇ ਵਸੂਲ ਕੀਤਾ ਹੈ, ਹਿੰਦੁਸਤਾਨ ਦੀਆਂ ਜੜ੍ਹਾਂ ਪੋਲੀਆਂ ਕਰਨ ਲਈ ਕੀਤਾ ਹੈ। ਅਤੇ ਸਾਰੇ ਹਿੰਦੁਸਤਾਨ ਤੇ ਪਾਕਿਸਤਾਨੀ ਮੁਸਲਿਮ ਰਾਜ ਕਾਇਮ ਕਰਨ ਲਈ ਕੀਤਾ ਹੈ। ਜੇ (ਦਿੱਲੀ, ਸ਼ਿਮਲੇ, ਪਟਿਆਲੇ ਅਤੇ ਹੋਰ ਅਨੇਕ ਥਾਵਾਂ ਤੋਂ ਪਾਕਿਸਤਾਨੀ ਮੁਸਲਮਾਨਾਂ ਦੇ ਫ਼ੌਜੀ ਅਸਲਾ ਤੇ ਸਾਮਾਨ, ਇਨ੍ਹਾਂ ਚੀਜ਼ਾਂ ਦੇ ਬਣਾਉਣ ਦੇ ਕਾਰਖ਼ਾਨਿਆਂ ਅਤੇ ਮੁਨਜ਼ਮ ਤਰੀਕੇ ਨਾਲ ਮੁਸਲਮ ਹਿੰਦੁਸਤਾਨੀ ਪੁਲਿਸ ਤੇ ਫੌਜ ਦੀ ਮਦਦ ਨਾਲ ਕੀਤੇ ਹਿੰਦੁਸਤਾਨੀ ਫ਼ੌਜ ਨਾਲ ਟਾਕਰੇ ਦੇਖ ਕੇ) ਅਜੇ ਭੀ(ਮੁਸਲਮਾਨਾਂ ਦੀ ਤੇ)ਖ਼ਾਸ ਕਰ ਪਾਕਿਸਤਾਨੀਆਂ ਦੀ ਨੀਯਤ ਤੇ ਯਕੀਨ ਨਹੀਂ ਆਉਂਦਾ ਤਾਂ ਫੇਰ ਕੀ ਇਲਾਜ ਹੈ।

ਸਜਰੀ ਖ਼ਬਰ ਹੈ, ਪਾਕਿਸਤਾਨੀ ਰੀਫ਼ੀਊਜੀਆਂ ਨੂੰ ਲੈਣ ਆਈ ਮਿਲਟਰੀ (ਫ਼ੌਜ) ਨੇ ਬਿਆਸ ਦੇ ਨਿਕਟ ਦੋ ਸੌ ਹਿੰਦੁਸਤਾਨੀ ਰੀਫ਼ੀਊਜੀ ਗੋਲੀਆਂ ਨਾਲ ਉਡਾ ਦਿਤੇ। ਦੇਖੋ ਕਿਥੇ ਤਾਈਂ ਇਨ੍ਹਾਂ ਦੇ ਹੌਸਲੇ ਵਧੇ ਹਨ, ਪਰ ਸਾਡੀ ਹਿੰਦੁਸਤਾਨੀ ਹਕੂਮਤ ਸੁਤੀ ਪਈ ਹੈ, ਇਸ ਨੂੰ ਓਦੋਂ ਹੀ ਪਤਾ ਲਗੂ ਜਦੋਂ ਪਾਕਿਸਤਾਨੀਆਂ ਨੇ ਅਗਾਂਹ ਵਧ ਕੇ ਅਤੇ ਧਾਵਾ ਕਰ ਕੇ ਦਿੱਲੀ ਦਾ ਤਖ਼ਤ ਇਹਨਾਂ ਤੋਂ ਖੋਹ ਲਿਆ।

ਇਹ ਸੱਚ ਜਾਣੋ ਕਿ ਏਹਨਾਂ ਜਰਵਾਣਿਆਂ ਦੇ ਅਗੇ ਅੜਨ ਵਾਲਾ ਜੇ ਹੈ ਤਾਂ ਅਕਾਲੀ ਖਾਲਸਾ ਹੀ ਹੈ। ਜਦ ਕਦ ਭੀ ਮੁਕਾਬਲਾ ਕਰਨਾ ਹੈ ਤਾਂ ਅਕਾਲੀ ਫ਼ੌਜਾਂ ਦੇ ਸ਼ਹੀਦੀ ਦਲਾਂ ਨੇ ਹੀ ਕਰਨਾ ਹੈ। ਏਹਨਾਂ ਨੇ ਹੀ ਜ਼ਾਲਮਾਂ ਅਤਿਆਚਾਰੀਆਂ ਦੇ ਬੁਥਾੜ ਭੰਨਣੇ ਹਨ, ਅਤੇ ਜ਼ੁਲਮ ਦੇ ਰਾਜ ਦਾ ਫ਼ਾਤਿਹਾ ਪੜ੍ਹਨਾ ਹੈ ਤਾਂ ਖਾਲਸਾ ਜੀ ਨੇ ਹੀ ਪੜ੍ਹਨਾ ਹੈ। ਹੋਰ ਕਿਸੇ ਤੋਂ ਕੁਝ ਨਹੀਂ ਸਰਨਾ। ਸੋ ਹੁਣ ਵੇਲਾ ਹੈ।

ਐ ਖਾਲਸਾ ਪੰਥ ਦੀ ਗੁਪਤ ਪ੍ਰਗਟ ਸ਼ਹੀਦੀ ਫੌਜੋ, ਹੁਣ ਜੂਝਣ ਦੀ ਅਉਧ ਆਇ ਨਿਦਾਨ ਬਣੀ ਹੈ। ਕਮਰਕਸੇ ਕਰ ਕੇ ਤਿਆਰ ਹੋ ਜਾਓ। ਸਨੱਧ-ਬੱਧ ਹੋ ਕੇ ਮਲੇਛਾਂ ਨੂੰ ਰਣ ਵਿਖੇ ਦਲਣ ਮਲਣ ਲਈ ਦਲਾਂ ਦੇ ਦਲ



www.AKJ.Org

ਇਕੱਤਰ ਹੋ ਕੇ ਹੱਲਾ ਬੋਲ ਦਿਓ ਅਤੇ ਏਹਨਾਂ ਦੁਸ਼ਟਾਂ ਉਤਪਾਤੀਆਂ ਦਾ ਸਭ ਤੋਂ ਮੂਹਰਲਾ ਮੋਰਚਾ ਜਾ ਮਲੋ । ਲਾਹੌਰ ਰਾਵੀ ਤੋਂ ਪਿਛੇ ਪਛਾੜ ਕੇ ਏਹਨਾਂ ਨੂੰ ਧੁਰ ਏਹਨਾਂ ਦੇ ਪਾਕਿਸਤਾਨੀ ਦੱਰੇ ਤਾਈਂ ਦਬੱਲੀ ਚਲੋ ।

'ਪਾਛੇ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ' ॥੧੧੬॥ (੧੩੭੦)

ਗੁਰੂ ਅਕਾਲ ਦਾ ਆਸਰਾ ਲੈ ਕੇ ਰਣ ਵਿਚ ਜੂਝ ਪਵੋ । ਗੁਪਤ ਅਕਾਲੀ ਛਿਨਵੇਂ ਕਰੋੜ ਫ਼ੌਜਾਂ ਅਕਾਸ਼ ਤੋਂ ਬਰਕਤਾਂ ਦੇ ਤੀਰ ਵਰਸਾਉਣਗੀਆਂ । ਮਤ ਖ਼ਿਆਲ ਕਰੋ ਕਿ ਤੁਹਾਡੇ ਪਾਸ ਬੰਦੂਕਾਂ ਆਦਿਕ ਸ਼ਸਤਰ ਨਹੀਂ । ਮਤ ਸੋਚੋ ਕਿ ਮੁਕਾਬਲੇ ਵਾਲੇ ਗਨੀਮ ਪਾਸ ਮਸ਼ੀਨਗਨਾਂ, ਤੋਪਾਂ ਤੇ ਹਵਾਈ ਜਹਾਜ਼ ਹਨ । ਸਤਿਗੁਰ ਤੁਸਾਂ ਨੂੰ ਇਹ ਸਾਰੀਆਂ ਰਹਿਮਤਾਂ ਅਰਪਣ ਕਰੇਗਾ । ਜ਼ਰਾ ਪਿਛੇ ਝਾਤ ਮਾਰ ਕੇ ਆਪਣਾ ਖ਼ਾਲਸਈ ਇਤਿਹਾਸ ਨਿਹਾਰੋ, ਜਦੋਂ ਗੁਰੂ ਦਸਮੇਸ਼ ਪਿਤਾ ਅਸਾਡੇ ਦੁਸ਼ਟ ਦਮਨ ਪਾਤਿਸ਼ਾਹ ਨੇ ਸ੍ਰੀ ਨਦੇੜ, ਜੋ ਹੁਣ ਪ੍ਰਸਿਧ ਹਜ਼ੂਰ ਸਾਹਿਬ ਹੈ, ਬਾਬਾ ਬੰਦਾ ਸਿੰਘ ਜੀ ਨੂੰ ਕੇਵਲ ਪੰਜੀ ਸਿੰਘਾਂ ਦੀ ਅੜਦਲ ਵਿਚ ਦੁਸ਼ਟਾਂ ਨੂੰ ਦਮਨ ਕਰਨ ਲਈ ਪੰਜਾਬੇ ਤੋਰਿਆ ਸੀ । ਓਦੋਂ ਓਹਨਾਂ ਪਾਸ ਕਿਹੜੀਆਂ ਤੋਪਾਂ ਤੇ ਮਸ਼ੀਨਾਂ ਸਨ ? ਕਿਹੜੇ ਹਵਾਈ ਜਹਾਜ਼ ਸਨ ? ਕੇਵਲ ਖਾਲਸਈ ਸਪਿਰਿਟ ਉਹਨਾਂ ਦੇ ਸੀਨੇ ਅੰਦਰ ਦਗ ਰਹੀ ਸੀ । ਇਸ ਦੇ ਸਾਹਮਣੇ ਲਖੂਖਹਾ ਦੁਸ਼ਟ ਤੁਰਕਾਂ ਦੀਆਂ ਫੌਜਾਂ ਛੈ ਤੇ ਖੈ ਹੋ ਗਈਆਂ । ਉਨ੍ਹਾਂ ਦੀਆਂ ਸਾਰੀਆਂ ਤੜੀਆਂ ਤੋਪਾਂ ਖਾਲਸਾ ਨੇ ਖੋਹ ਲਈਆਂ । ਨਤੀਜਾ ਕੀ ਹੋਇਆ ਕਿ ਤੁਰਕਾਂ ਦਾ ਛੇ ਸੌ ਸਦੀ ਦਾ ਜੰਮਿਆ ਥੰਮਿਆ ਹੋਇਆ ਰਾਜ ਉਖਾੜ ਕੇ ਫ਼ਨਾਹ-ਫ਼ਿਲਾ ਕਰ ਦਿਤਾ। ਤੁਸੀਂ ਉਨ੍ਹਾਂ ਹੀ ਬੀਰਾਂ ਜੋਧਿਆਂ ਦੀ ਸੰਤਾਨ ਹੋ । ਓਹੋ ਖ਼ੂਨ ਤੁਹਾਡੀਆਂ ਰਗਾਂ ਵਿਚ ਲਹਿਰੇ ਮਾਰ ਰਿਹਾ ਹੈ। ਓਹੋ ਹੀ ਖੰਡੇ ਦਾ ਅੰਮ੍ਰਿਤ ਤੁਸੀਂ ਪਾਨ ਕੀਤਾ ਹੋਇਆ ਹੈ । ਕਸਰ ਹੈ ਤਾਂ ਹੰਭਲਾ ਮਾਰਨ ਦੀ ਹੈ, ਇਹ ਜੋ ਕੁਝ ਜ਼ੁਲਮ ਤੇ ਜਬਰ ਜਰਵਾਣਿਆਂ ਵਲੋਂ ਹੋਇਆ ਹੈ, ਤੁਸਾਡੀ ਸੁਤੀ ਕਲਾ ਨੂੰ ਜਗਾਵਣ ਲਈ ਹੀ ਹੋਇਆ ਹੈ । ਜੋ ਕੁਝ ਪਾਪ ਅਤਿਆਚਾਰ ਅਤਿਆ-ਚਾਰੀਆਂ ਨੇ ਕੀਤੇ ਹਨ, ਇਹੀ ਇਨ੍ਹਾਂ ਦੀ ਜੜ੍ਹ ਪੁਟਣ ਲਈ ਅਤੇ ਪਾਪ-ਰਾਜ ਦਾ ਖਾਤਮਾ ਕਰਨ ਦੇ ਪੇਸ਼ਖ਼ੈਮੇ ਹਨ ।

ਤੁਸੀਂ ਧਰਮ ਵਿਥਾਰਨਾ ਹੈ, ਦੁਸ਼ਟ ਦੋਖੀਅਨ ਦਾ ਮੂਲ ਉਪਾਰਨਾ ਹੈ । ਜੈ ਬਿਜੈ ਤੁਸਾਡੀ ਹੈ । ਫਤਹ ਦਾ ਸੇਹਰਾ ਤੁਸਾਡੇ ਮਸਤਕ ਨੀਸਾਨ ਹੈ । ਇਹ ਰੜੇ ਰਾਜ ਤਾਂ ਤੁਸਾਡੇ ਪਿਛੇ ਲਗੇ ਫਿਰਨਗੇ । ਰਾਜ-ਤ੍ਰਿਸ਼ਨਾ ਦਾ ਤੁਸਾਨੂੰ ਫੁਰਨਾ ਹੀ ਨਹੀਂ ਫੁਰਨਾ ਚਾਹੀਦਾ । ਜਿਨ੍ਹਾਂ ਨੂੰ ਰਾਜ ਭਾਗ ਸਾਂਭਣ ਦੇ ਚਸਕੇ ਹਨ, ਉਹ ਭੀ ਤੁਹਾਡੀ ਕੌਮ ਵਿਚ ਬਥੇਰੇ ਹਨ । ਜਿਨ੍ਹਾਂ ਸਿਖ ਰਿਆਸਤਾਂ ਦੀਆਂ ਰਾਜ-ਗਦੀਆਂ ਮੁਢੋਂ ਚਲਦੀਆਂ ਆਉਂਦੀਆਂ ਹਨ, ਉਨ੍ਹਾਂ ਨੂੰ ਗੁਰੂ ਸਾਹਿਬਾਨ ਵਲੋਂ ਰਾਜ ਕਰਨ ਦੇ ਵਰ ਮਿਲੇ ਹੋਏ ਹਨ । ਉਹ ਜੇ ਹੁਣ ਪੰਥ ਦੇ ਨਾਲ ਹੋਣਗੇ ਤਾਂ ਪੰਥ ਨੇ ਇਨ੍ਹਾਂ ਨੂੰ ਹੀ ਰਾਜ ਨਾਲ ਰਜਾ ਦੇਣਾ ਹੈ; ਨਹੀਂ ਤਾਂ ਇਨ੍ਹਾਂ ਦਾ ਪਿਛਲਾ ਰਾਜ ਭੀ ਖੁਸ ਜਾਏਗਾ । ਹੁਣ ਜੇ ਖਾਲਸਾ ਪੰਥ ਦੀ ਮਦਦ ਨਹੀਂ ਕਰਨਗੇ ਤਾਂ ਪਏ ਖਿਤਰ ਖਿਤਰ ਝਾਕਣਗੇ । ਅੰਜਾਮ ਇਹ ਹੋਵੇਗਾ "ਤਪੋਂ ਰਾਜ, ਰਾਜੋਂ ਨਰਕ ।"

ਅੰਤ ਵਿਚ ਇਕ ਗੱਲ ਗਹਿ ਕਰਕੇ ਜ਼ਿਹਨ-ਨਸ਼ੀਨ ਕਰਨ ਲਈ ਖਾਲਸਾ ਜੀ ਅਗੇ ਤਾਗੀਦੀ ਬੇਨਤੀ ਹੈ ਕਿ ਜ਼ੁਲਮ ਦੇ ਰਾਜ ਨੂੰ ਨਸ਼ਟ ਕਰਨ ਦੇ ਹੀਲੇ-ਉਪਰਾਲੇ-ਪ੍ਰੀਸ਼ਰਮ ਕਰਦਿਆਂ ਕੋਈ ਐਸੀ ਹਰਕਤ ਨਾ ਹੋ ਜਾਵੇ, ਜੋ ਧਰਮ ਨਿਆਉਂ ਵਾਲੀ ਸੱਚੀ ਸੂਰਮਤਾ ਨੂੰ ਧੱਬਾ ਲਾਉਣ ਵਾਲੀ ਹੋਵੇ । ਜ਼ਾਲਮਾਂ ਦੀ ਜ਼ੁਲਮ-ਗਰਦੀ ਦੀ ਅਸੀਂ ਨਕਲ ਨਹੀਂ ਕਰਨੀ । ਅਤਿਆਚਾਰੀਆਂ ਦੇ ਕੀਤੇ ਅਤਿਆਚਾਰਾਂ ਦੀ ਰੀਸ ਘੜੀਸ ਵਿਚ ਪੈ ਕੇ ਅਸੀਂ ਉਹ ਫ਼ੇਅਲ ਨਹੀਂ ਕਰਨੇ, ਜਿਨ੍ਹਾਂ ਦੇ ਕਰਨ ਕਰਕੇ ਅਸੀਂ ਉਹਨਾਂ ਨੂੰ ਕੋਸਦੇ ਹਾਂ । ਅਬਲਾ ਇਸਤ੍ਰੀਆਂ ਅਤੇ ਬੱਚਿਆਂ ਤੇ ਅਸੀਂ ਹੱਥ ਨਹੀਂ ਉਠਾਉਣੇ । ਨਿਹਥਿਆਂ, ਗਰੀਬਾਂ, ਬੇਕਸੂਰਿਆਂ, ਮਾਸੂਮਾਂ ਦਾ ਕਤਲ ਕੋਈ ਬਹਾਦਰੀ ਨਹੀਂ । ਉੱਕਾ ਹੀ ਗੁਰਮਤਿ-ਆਦਰਸ਼ ਦੇ ਉਲਟ ਹੈ । ਬਸ, ਗੁਰਮਤਿ ਆਦਰਸ਼ ਜੋ ਹੈ, ਸੋ ਏਸੇ ਦੋ-ਤੁਕੀ ਵਾਲੇ ਸ੍ਰੀ ਗੁਰੂ ਦਸਮੇਸ਼ ਮਹਾਂਵਾਕ ਵਿਚ ਪਰੀਪੂਰਨ ਹੈ–

ਦੁਸ਼ਟ ਜਿਤੇ ਉਠਵਤ ਉਤਪਾਤਾ ॥
ਸਕਲ ਮਲੇਛ ਕਰੋ ਰਣ ਘਾਤਾ ॥

ਦੁਸ਼ਟਾਂ ਮਲੇਛਾਂ ਉਤਪਾਤੀਆਂ ਉਪਦਰਵੀਆਂ ਨੂੰ ਤਲਵਾਰ ਦੀ ਘਾਟ ਉਤਾਰਨਾ ਐਨ ਸਵਾਬ ਹੈ ।



www.AKJ.Org

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥

# "ਰਾਗੁ ਨਾਦੁ ਸਭੁ ਸਚੁ ਹੈ"

ਰਾਗ ਨਾਦ ਅਥਵਾ ਸੰਗੀਤ ਕਲਾ ਨੂੰ ਨਿਰਤ ਕਲਾ ਵਾਂਗ ਹੀ ਦੁਨੀਆ ਭਰ ਵਿਚ ਮਹਾਨ ਸਥਾਨ ਪ੍ਰਾਪਤ ਹੈ। ਸੰਗੀਤ ਅਤੇ ਨਿਰਤਕਾਰੀ ਕੋਮਲ ਹੁਨਰ ਮੰਨੇ ਜਾਂਦੇ ਹਨ। ਅੱਕੀ ਥੱਕੀ ਦੁਨੀਆ ਹਰ ਤਰ੍ਹਾਂ ਦੇ ਬਖੇੜਿਆਂ ਤੇ ਝੰਬੇਲਿਆਂ ਤੋਂ ਰਾਹਤ ਪ੍ਰਾਪਤ ਕਰਨ ਲਈ ਸੰਗੀਤ ਤੇ ਨਿਰਤਕਾਰੀ ਦਾ ਆਸਰਾ ਲੈਂਦੀ ਹੈ। ਮੌਜ-ਮੇਲਾ ਤੇ ਰੰਗ-ਰਲੀਆਂ ਮਾਣਨ ਵਾਲੇ ਵੀ ਰਾਗ-ਨਾਚ ਵਿਚ ਹੀ ਵਧੇਰੇ ਭਰਮਦੇ ਹਨ। ਭਾਰਤ ਸਰਕਾਰ ਵੀ ਜਨਤਾ ਨੂੰ ਰੇਡੀਉ ਤੇ ਟੈਲੀਵਿਯਨ ਦੁਆਰਾ ਰਾਗ ਨਾਦ ਅਤੇ ਚਟਕੀਲੀਆਂ ਮਟਕੀਲੀਆਂ ਪਿਕਚਰਾਂ ਦੇ ਕੇ, ਉਨ੍ਹਾਂ ਵਿਚ ਖਚਿਤ ਕਰੀ ਰਖਦੀ ਹੈ।

ਰਾਗ ਅਥਵਾ ਸੰਗੀਤ ਐਸੀ ਕੋਮਲ ਕਲਾ ਹੈ, ਜੋ ਮਨੁੱਖ ਦੇ ਅੰਦਰਲੇ ਨੂੰ ਸੁਰ ਕਰ ਕੇ ਆਪਣੇ ਵਲ ਖਿਚਦੀ ਹੈ। ਰਾਗ ਦੀ ਇਹ ਖਿਚ ਹੀ ਹੈ ਕਿ ਹਿਰਨ ਘੰਡੇ-ਹੇੜੇ ਦੇ ਨਾਦ ਨੂੰ ਸੁਣ ਕੇ, ਉਸ ਸੁਰੀਲੀ ਅਵਾਜ਼ ਵਲ ਧਾਈ ਕਰਕੇ ਜਾਂਦਾ ਹੈ ਅਤੇ ਸ਼ਿਕਾਰੀ ਦੀ ਫਾਹੀ ਵਿਚ ਫਸ ਜਾਂਦਾ ਹੈ। ਰਾਗ ਨਾਦ ਦਿਆਂ ਕਈ ਅਖਾੜਿਆਂ ਵਿਚ ਕਈ ਵਾਰ ਰਾਗ ਦੀ ਮਿੱਠੀ ਮਿੱਠੀ ਟੁਣਕਾਰ ਤੇ ਮਸਤ ਹੋਏ ਸੱਪ ਵੇਖੇ ਜਾਂਦੇ ਹਨ। ਮਦਾਰੀ ਲੋਕ ਸੱਪਾਂ ਨੂੰ ਵਸ ਕਰਨ ਲਈ ਬੀਨ ਦੀ ਐਸੀ ਝੁਣਕਾਰ ਛੇੜਦੇ ਹਨ ਕਿ ਲੁਕੇ ਛਿਪੇ ਸੱਪ ਸਾਹਮਣੇ ਆ ਕੇ ਪੈਲਾਂ ਪਾਣ ਲਗ ਪੈਂਦੇ ਹਨ। ਇਹ ਸਭ ਜਾਦੂ 'ਰਾਗ' ਦਾ ਹੈ।

ਭਾਰਤ ਵਿਚ ਬੜੇ ਬੜੇ ਗੁਣੀ ਸੰਗੀਤਕਾਰ, ਅਥਵਾ ਰਾਗ ਦੇ ਆਚਾਰੀਆ ਹੋਏ ਹਨ, ਜਿਨ੍ਹਾਂ ਨੇ ਆਪੋ ਆਪਣੇ ਢੰਗ ਨਾਲ ਰਾਗਾਂ ਦੀ ਵੰਡ ਕੀਤੀ ਹੈ, ਭਾਵੇਂ ਉਹ ਵੰਡ ਪੂਰੀ ਤਰ੍ਹਾਂ ਇਕ ਦੂਜੇ ਨਾਲ ਮਿਲਦੀ ਨਹੀਂ। ਹਰ ਤਰੀਕਾ ਵਖ ਵਖ ਸੰਗੀਤ-ਮਤ ਅਖਵਾਂਦਾ ਹੈ। ਇਨ੍ਹਾਂ ਵਖ ਵਖ ਸੰਗੀਤ ਮਤਾਂ ਅਨੁਸਾਰ ਰਾਗਾਂ ਦੀਆਂ ਸੂਚੀਆਂ ਵੀ ਵਖ ਵਖ ਢੰਗਾਂ ਦੀਆਂ ਹਨ। ਇਹਨਾਂ ਰਾਗਾਂ ਦਾ ਅਨੰਦ ਮਾਣਨ ਅਤੇ ਆਪੋ ਆਪਣੇ ਹੁਨਰ ਦਾ ਪ੍ਰਗਟਾਵਾ ਕਰਨ ਲਈ, ਭਾਰਤ ਵਿਚ ਹੁਣ ਵੀ ਸੰਗੀਤ-ਆਚਾਰੀਆਂ ਵਲੋਂ ਖ਼ਾਸ ਰੁੱਤਾਂ ਅਤੇ ਖ਼ਾਸ ਸਮਿਆਂ ਤੇ ਰਾਗ-ਸਭਾਵਾਂ ਜੁੜਦੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿਚ ਗੁਣੀ ਜਨ ਤੇ ਰਾਗ ਦੇ ਸ਼ੌਕੀਨ ਸ੍ਰੋਤਾ ਗਣ ਪੁਜ ਕੇ ਸਭਾ ਦਾ ਸ਼ਿੰਗਾਰ ਬਣਦੇ ਹਨ।

ਸਤਿਗੁਰੂ ਸਾਹਿਬਾਨ ਨੇ ਰਾਗ-ਰੰਗਾਂ ਵਿਚ ਭੁਲੀ ਲੁਕਾਈ ਨੂੰ, ਰੱਬ ਨਾਲ ਜੋੜਨ ਲਈ ਜਿਥੇ ਇਲਾਹੀ ਬਾਣੀ ਨੂੰ ਕਾਵਿ ਰੂਪ ਦੇ ਕੇ ਹਰ-ਮਨ ਪਿਆਰਾ ਬਣਾਇਆ ਉਥੇ ਨਾਲ ਹੀ ਇਸ ਰੱਬੀ ਬਾਣੀ ਨੂੰ ਰਾਗਾਂ ਵਿਚ ਪ੍ਰੋ ਕੇ ਖ਼ਲਕਤ ਨੂੰ ਸੱਚ ਦਾ ਮਾਰਗ ਰੋਸ਼ਨ ਕਰ ਦਿਖਲਾਇਆ। ਪ੍ਰਭੂ ਨਾਲ ਸੁਰ ਹੋਏ ਹਿਰਦੇ ਵਿਚੋਂ ਸਫੁਟ ਹੋਈ ਇਲਾਹੀ ਬਾਣੀ ਦੇ ਬਾਣ, ਇਲਾਹੀ ਰਾਗਾਂ ਦੇ ਕੀਰਤਨ ਦੁਆਰਾ ਜਗਿਆਸੂਆਂ ਦੇ ਹਿਰਦਿਆਂ ਨੂੰ ਵਿੰਨ੍ਹ ਜਾਂਦੇ ਹਨ, ਸਰੀਰਕ ਰਸਾਂ ਅਤੇ ਦੁਨਿਆਵੀ ਵਿਸ਼ਿਆਂ ਵਿਕਾਰਾਂ ਤੋਂ ਛੁਡਾ ਕੇ ਉਚੇ ਸੁਚੇ ਰੱਬੀ ਰੰਗ ਵਿਚ ਰੰਗ ਦਿੰਦੇ ਹਨ। ਨਿਰੰਕਾਰੀ ਬਾਬੇ ਦੇ ਕੀਰਤਨ ਦੁਆਰਾ ਵਾਹੇ ਹੋਏ ਰੱਬੀ ਬਾਣ ਹੀ ਸਜਣ ਠੱਗ ਤੇ ਕੌਡੇ ਰਾਕਸ਼ ਵਰਗਿਆਂ ਨੂੰ ਕੁਕਰਮਾਂ ਤੋਂ ਛੁਡਾ ਗਏ। ਉਨ੍ਹਾਂ ਦੇ ਜੀਵਨ ਹੀ ਪਲਟ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰੀ ਬਾਬਾ ਜਦ ਸੜਦੀ ਬਲਦੀ ਲੁਕਾਈ ਦੀ ਸਾਰ ਲੈਣ ਲਈ 'ਚੜ੍ਹਿਆ ਸੋਧਣਿ ਧਰਤਿ ਲੁਕਾਈ' ਲਈ ਰਬੀ ਮਿਸ਼ਨ ਤੇ ਤੁਰੇ ਤਾਂ ਆਪਣੇ ਨਾਲ ਮਿਰਾਸੀ ਭਾਈ ਮਰਦਾਨੇ ਨੂੰ ਸਾਥੀ ਰਲਾਇਆ। ਉਸ ਨੂੰ ਕੀਰਤਨ ਸਿਖਾਇਆ ਤੇ ਇਲਾਹੀ ਸਾਜ਼ 'ਰਬਾਬ' ਦੀ ਬਖ਼ਸ਼ਸ਼ ਕੀਤੀ, ਜਿਸ ਵਿਚ ਇਲਾਹੀ ਰਾਗ ਦੀਆਂ ਗੂੰਜਾਂ ਗੁਪਤ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਪੁਸਤਕ 'ਗੁਰਮਤਿ ਲੇਖ' ਵਿਚ ਲਿਖਦੇ ਹਨ—



www.AKJ.Org

"ਨਿਰੰਕਾਰੀ ਗੁਰੂ ਬਾਬੇ ਦੀ ਅਗੰਮੀ ਸਾਜਨਾ ਦਾ ਰਬਾਬ, ਨਿਰੰਕਾਰੀ ਕੀਰਤਨ ਦੇ ਸਰਦ-ਤਰਬਾ ਨਾਲ ਸੁਤੇ ਸੁਰ ਹੋਇਆ ਸ਼ਬਦ-ਤਰੰਗਾਂ ਦੀ ਪਾਰਸ-ਭੂਤੀ-ਕਲਾ ਵਾਲਾ ਸਾਜ ਸੀ, ਜਿਸ ਨੂੰ ਪਰਸਿਆਂ ਹੀ ਵਾਹਿਗੁਰੂ ਨਿਰੰਕਾਰ ਦੇ ਇਲਾਹੀ ਨਾਦ ਦੀਆਂ ਕੀਰਤਨ-ਧੁਨੀਆਂ ਸਹਿਜ ਸੁਭਾਇ ਹੀ ਛਿੜ ਪੈਂਦੀਆਂ ਸਨ।......ਸਾਦ-ਮੁਰਾਦਾ ਮਰਦਾਨਾ ਤਾਂ ਹੱਥ ਵਿਚ ਰਬਾਬ ਫੜਨ ਭੀ ਨਹੀਂ ਜਾਣਦਾ ਸੀ, ਰਾਗ ਅਲਾਪਣਾ ਤਾਂ ਕਿਤੇ ਰਿਹਾ। ਨਿਰੰਕਾਰੀ ਰਬਾਬ ਦੇਖਣ ਸਾਰ ਹੀ ਠਠੰਬਰ ਗਇਆ। ਗੁਰੂ ਬਾਬੇ ਨੇ ਨਦਰ ਮੇਹਰ ਦੀ ਕ੍ਰਿਸ਼ਮ-ਕਉਤਕੀ-ਕਲਾ ਵਰਤਾਈ, ਤਾਂ ਛਿਨ ਮਾਤਰ ਵਿਚ ਮੁਗਧ ਅਜਾਣ ਮਰਦਾਨਾ ਇਕ ਸੁਘੜ ਸੁਜਾਣ ਰਾਗ-ਪ੍ਰਬੀਨ ਅਗਮ-ਤਰੰਗ-ਸਰੋਦੀ-ਕੀਰਤਨੀਆ ਬਣ ਗਇਆ।"

ਨਿਰੰਕਾਰੀ ਬਾਬੇ ਦੇ ਇਲਾਹੀ ਕੀਰਤਨ ਦੀ ਹੀ ਅਲੌਕਿਕ ਕਲਾ ਸੀ ਕਿ ਮੁਸਲਮਾਨਾਂ ਦੇ ਗੜ੍ਹ ਬਗ਼ਦਾਦ ਸ਼ਹਿਰ ਦੇ ਇਕ ਪਾਸੇ ਜਾ ਕੇ ਜਦੋਂ ਬਾਬੇ ਨੇ ਨਿਰੰਕਾਰੀ ਰਬਾਬ ਦੁਆਰਾ ਇਲਾਹੀ ਸਰੋਦ ਛੇੜਿਆ ਤਾਂ ਸਾਰੀ ਨਗਰੀ ਨੂੰ ਸੁੰਨ-ਮੁੰਨ ਕਰ ਦਿਤਾ। ਭਾਈ ਗੁਰਦਾਸ ਜੀ ਪਹਿਲੀ ਵਾਰ ਵਿਚ ਲਿਖਦੇ ਹਨ–

ਫਿਰਿ ਬਾਬਾ ਗਇਆ ਬਗਦਾਦ ਨੋ ਬਾਹਰਿ ਜਾਇ ਕੀਆ ਅਸਥਾਨਾ ॥
ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ॥
ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ ॥
ਸੁੰਨਿ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ ॥੩੫॥

ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਵਿਚ ਗੁਰਮਤੀ ਰਾਗ ਦਾ ਰੂਪ ਇਉਂ ਨਿਖਾਰਦੇ ਹਨ–
"ਗੁਰਮਤ ਵਿਚ ਰਾਗ ਨਾਲ ਮਿਲਿਆ ਕਰਤਾਰ ਦਾ ਕੀਰਤਨ ਧਰਮ ਦਾ ਅੰਗ ਹੈ–
ਗੁਣ ਗੋਵਿੰਦ ਗਾਵਹੁ ਸਭਿ ਹਰਿਜਨ, ਰਾਗ ਰਤਨ ਰਸਨਾ ਆਲਾਪ ॥(ਬਿਲਾਵਲੁ ਮ: ੫–੮੨੧)"

ਗੁਰਬਾਣੀ ਹਰਿ ਕੀਰਤਨ ਨੂੰ ਬਹੁਤ ਮਹਾਨਤਾ ਦਿੰਦੀ ਹੈ; ਜਿਹਾ ਕਿ–

–ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੇਰਾ ॥੨॥੩੫॥(੮੯੩-੯੪)
–ਸੋ ਅਸਥਾਨੁ ਬਤਾਵਹੁ ਮੀਤਾ ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥ਰਹਾਉ॥੫੮॥(੩੮੫)
–ਐਸਾ ਕੀਰਤਨੁ ਕਰਿ ਮਨ ਮੇਰੇ ॥ ਈਹਾ ਊਹਾ ਜੋ ਕਾਮਿ ਤੇਰੈ ॥ਰਹਾਉ॥੮॥੨॥(੨੩੬)
–ਤਹਾ ਬੈਕੁੰਠੁ ਜਹ ਕੀਰਤਨੁ ਤੇਰਾ, ਤੂੰ ਆਪੇ ਸਰਧਾ ਲਾਇਹਿ ॥੨॥੫੫॥(੭੪੯)
–ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ॥ ਜਨਮ ਜਨਮ ਕਾ ਸੋਇਆ ਜਾਗੈ ॥੩॥੨੮॥੮੯੯)

ਗੁਰਬਾਣੀ ਵਿਚ ਰਾਗ ਰਾਗਣੀਆਂ ਨੂੰ ਭਾਵੇਂ ਬਹੁਤ ਹੀ ਮਹਾਨਤਾ ਦਿਤੀ ਗਈ ਹੈ ਅਤੇ "ਰਾਗ ਰਤਨ ਪਰਵਾਰ ਪਰੀਆਂ ਸਬਦ ਗਾਵਣ ਆਈਆ" ਦੇ ਨਾਲ ਹੀ "ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ" ਦਾ ਸੰਕੇਤ ਦੇ ਕੇ ਸਪਸ਼ਟ ਕੀਤਾ ਕਿ ਇਨ੍ਹਾਂ ਰਾਗਾਂ ਰਾਗਣੀਆਂ ਦੁਆਰਾ ਹਰੀ ਜਸ ਗਾਵਣਾ ਹੈ ਅਤੇ ਉਸ ਹਰੀ ਜਸ ਨੂੰ ਮਨ ਵਸਾਉਣਾ ਹੈ। ਸਤਿਗੁਰੂ ਸਾਹਿਬਾਨ ਨੇ ਜਿਥੇ ਕਿਤੇ ਵੀ ਰਾਗਾ ਦਾ ਜ਼ਿਕਰ ਕੀਤਾ ਹੈ ਉਥੇ ਨਾਲ ਹੀ ਇਹ ਵੀ ਦ੍ਰਿੜ੍ਹ ਕਰਾਇਆ ਹੈ ਕਿ ਇਹ ਰਾਗ ਨਾਦ ਤਦੋਂ ਹੀ ਸੁਭਾਇਮਾਨ ਹਨ ਜੇ ਇਨ੍ਹਾਂ ਰਾਗਾਂ ਦੁਆਰਾ ਸੱਚੇ ਪ੍ਰਭੂ ਨਾਲ, ਹਰੀ-ਨਾਮ ਨਾਲ, ਗੁਰ-ਸ਼ਬਦ ਨਾਲ ਪਿਆਰ ਬਣੇ, ਜੇ ਇਨ੍ਹਾਂ ਦੇ ਸ੍ਰਵਣ ਕਰਨ ਨਾਲ ਸਤਿਗੁਰੂ ਦੀ ਬਖਸ਼ੀ (ਨਾਮ ਸਿਮਰਨ ਦੀ) ਕਾਰ ਕਮਾਈ ਜਾਏ। ਗੁਰਵਾਕ ਹਨ–

–ਸਭਨਾਂ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥੨੪॥[੮੪੯]
–ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥੨॥(੧) [੮੪੯]



www.AKJ.Org

ਵਖ ਵਖ ਰਾਗਾ ਦੀ ਮਹਾਨਤਾ ਤਦੋਂ ਹੀ ਗੁਰੂ ਸਾਹਿਬਾਨ ਨੇ ਦਸੀ ਹੈ ਜੇ ਉਨ੍ਹਾਂ ਵਿਚ ਪ੍ਰਭੂ-ਨਾਮ ਦੀ ਵਡਿਆਈ ਹੈ–

–ਰਾਗਾਂ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥੧॥(੧) [੮੩]
–ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ ॥੬੦॥[੧੪੨੦]
–ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰ ॥੧॥(੮)[੯੫੦]
–ਕੇਦਾਰਾ ਰਾਗਾਂ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥੧॥(੨)[੧੦੮੨]
–ਧਨਾਸਰੀ ਧਨਵੰਤੀ ਜਾਣੀਐ ਜਾ ਸਤਿਗੁਰ ਕੀ ਕਾਰ ਕਮਾਇ ॥੫੧॥[੧੪੧੯]
–ਮਲਾਰ ਸੀਤਲ ਰਾਗੁ ਹੈ, ਹਰਿ ਧਿਆਈਐ ਸਾਤਿ ਹੋਇ ॥੨॥(੧੧) [੧੨੮੩]
–ਸੋਰਠਿ ਤਾਮਿ ਸੁਹਾਵਣੀ ਜਾ ਹਰਿਨਾਮੁ ਢੰਢੋਲੇ ॥੨॥(੧) [੬੪੨]
–ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥੧॥(੧)[੬੪੨]
–ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ ॥੫॥[੧੪੨੫]
–ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥ ੨ ॥ (੧)
–ਬਿਲਾਵਲੁ ਕਰਿਹੁ ਤੁਮ੍ ਪਿਆਰਿਹੋ ਏਕਸੁ ਸਿਉ ਲਿਵ ਲਾਇ ॥...
ਸਦਾ ਬਿਲਾਵਲੁ ਅਨੰਦੁ ਹੈ ਜੇ ਚਲਹਿ ਸਤਿਗੁਰ ਭਾਇ ॥੨॥(੨)
–ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥
ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥੧॥ (੧) [੮੪੯]

ਕੀਰਤਨ–ਕਲਾ ਵਿਚ ਪ੍ਰਬੀਨ ਹੋਣਾ ਸਤਿਗੁਰੂ ਦੀ ਦਾਤਿ ਹੈ । ਪ੍ਰੇਮ-ਰਸਕ-ਬੈਰਾਗੀਅੜੇ ਹੋ ਕੇ ਸ਼ਰਧਾ ਤੇ ਭੈ-ਭਾਵਨੀ ਵਿਚ ਕੀਰਤਨ ਗਾਇਨ ਕਰਨਾ ਗੁਰੂ-ਦਰ ਤੇ ਪਰਵਾਨ ਹੈ । ਗੁਰਬਾਣੀ ਦਾ ਕੀਰਤਨ ਕਰਦਿਆਂ ਨਾਮ-ਰਸ ਤੋਂ ਖੁੰਝ ਕੇ ਨਿਰੇ ਰਾਗਾਂ ਦੀ ਥੋਥੀ ਤਾਨਰੀਗੀ ਵਿਚ ਉਲਝ ਜਾਣਾ ਕਿਸੇ ਲੇਖੇ ਨਹੀਂ । ਆਪਣੀ ਤਰਬ-ਤਾਨਾਰੀਗੀ ਦੇ ਹੁਨਰ ਦੀ ਹੈਂਕੜ ਵਿਚ ਕੀਤਾ ਕੀਰਤਨ ਨਿਰਾ ਦਿਖਾਵਾ ਤੇ ਪਾਖੰਡ ਹੈ । ਗੁਰਵਾਕ–

–ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ ॥
ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ ॥੩॥੩॥[੬੫੪]
–ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥ ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥
ਗਾਵਣਿ ਗਾਵਹਿ ਜਿਨ ਨਾਮੁ ਪਿਆਰੁ ॥ ਸਾਚੀ ਬਾਣੀ ਸਬਦ ਬੀਚਾਰੁ ॥੧॥੨੪॥[੧੫੮]

ਉਨ੍ਹਾਂ ਦਾ ਗਾਵਿਆ ਹੋਇਆ ਰਾਗ-ਕੀਰਤਨ ਸਹੀ ਤੌਰ ਤੇ ਪਰਵਾਣ ਹੈ, ਜਿਨ੍ਹਾਂ ਦਾ ਕੀਰਤਨ ਸਮੇਂ ਨਾਮ ਨਾਲ ਪਿਆਰ ਬਣਿਆ ਰਹਿੰਦਾ ਹੈ ਅਤੇ ਜਿਹੜੇ ਸਚੀ ਬਾਣੀ ਵਿਚਲੇ ਸ਼ਬਦ ਦੀ ਵੀਚਾਰ ਨੂੰ ਮੁਖ ਰਖ ਕੇ ਕੀਰਤਨ-ਰਸ ਵਿਚ ਲੀਨ ਹੁੰਦੇ ਹਨ ।

ਜਿਹੜਾ ਕੀਰਤਨ, ਨਾਮ-ਰਸ ਵਿਚ ਲੀਨ ਹੋਣ ਦੀ ਥਾਂ ਹਉਮੈ ਅਧੀਨ ਕੀਤਾ ਜਾਂਦਾ ਹੈ, ਉਸ ਬਾਰੇ ਗੁਰ-ਫੁਰਮਾਨ ਹੈ–ਦੂਜੈ ਭਾਇ ਬਿਲਾਵਲੁ ਨ ਹੋਵਈ, ਮਨਮੁਖਿ ਥਾਇ ਨ ਪਾਇ ॥੧॥੨॥[੮੪੯]

ਸਤਿਗੁਰੂ ਪਾਤਸ਼ਾਹ ਫੁਰਮਾਂਦੇ ਹਨ ਕਿ 'ਦੂਜੈ ਭਾਇ' ਵਾਲੇ ਰਾਗ ਨਾਦ ਦਾ ਤਿਆਗ ਹੀ ਕਰ ਦੇਣਾ ਚਾਹੀਦਾ ਹੈ ਅਤੇ ਉਸ ਦੀ ਥਾਂ ਹਰਿ-ਨਾਮ ਨੂੰ ਸੇਵਣਾ ਚਾਹੀਦਾ ਹੈ–

ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥੨॥(੧)[੮੪੯]



www.AKJ.Org

ਜਿਥੇ ਰਾਗ ਨਾਦ ਦੇ ਠਾਠ ਬੰਨ੍ਹਣ ਅਤੇ ਲੈ ਤਾਲ ਸੁਰ ਮੇਲਣ ਮੇਲਾਣ ਵਿਚ ਸਮਾਂ ਗੁਆਚ ਰਿਹਾ ਹੋਵੇ ਉਸ ਪ੍ਰਤੀ ਸਤਿਗੁਰੂ ਜੀ ਫੁਰਮਾਂਦੇ ਹਨ—

ਕਬ ਕੋ ਮੇਲੈ ਪੰਚ ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ ॥
ਮੇਲਤ ਚੁਨਤ ਖਿਨੁ ਪਲੁ ਚਸਾ ਲਾਗੈ ਤਬ ਲਗ ਮੇਰਾ ਮਨੁ ਰਾਮ ਗੁਨ ਗਾਵੈ ॥੨॥੧੦॥੬੨॥
[ਪੰਚ ਸਤ ਗਾਇਣ = ਪੰਜ ਤਾਰਾਂ ਤੇ ਸਤ ਸੁਰਾਂ] ਆਸਾ ਮ: ੪, ਪੰਨਾ ੩੬੮

ਭਾਈ ਸਾਹਿਬ ਰਣਧੀਰ ਸਿੰਘ ਜੀ 'ਗੁਰਮਤਿ ਲੇਖ' ਪੁਸਤਕ ਵਿਚ ਲਿਖਦੇ ਹਨ—

"ਹਰਿ ਕੀਰਤਨ ਦੀ ਪ੍ਰੇਮਾ-ਭਗਤੀ ਛਡ ਕੇ ਕੇਵਲ ਰਾਗਾਂ ਪਿਛੇ ਹੀ ਰੀਝਣਾ ਗੁਰਮਤਿ ਪ੍ਰਤਿਕੂਲ ਹੈ। ਰਾਗ-ਪ੍ਰਬੀਨਤਾ ਜਿਸ ਨੇ ਪ੍ਰਾਪਤ ਕਰਨੀ ਹੋਵੇ, ਸੋ ਪਿਆ ਕਰੇ। ਪਰ-ਹਰਿ ਕੀਰਤਨ ਦੇ ਜਨ ਨਿਰੇ ਰਾਗਾਂ ਦੇ ਖਲਜਗਨ ਵਿਚ ਨਹੀਂ ਖਚਤ ਹੁੰਦੇ। ਪ੍ਰੇਮਾ ਭਗਤੀ ਤੋਂ ਸਖਣੀ ਨਿਰੀ ਰਾਗ-ਵਿਦਿਆ ਰੋਗ-ਰੂਪ ਹੈ, ਜੋ ਰਾਗ-ਅਭਿਮਾਨੀ ਬਣਾ ਦਿੰਦੀ ਹੈ।"

ਅਗੇ ਚਲ ਕੇ ਭਾਈ ਸਾਹਿਬ ਜੀ ਫਿਰ ਲਿਖਦੇ ਹਨ—

"ਸੰਗੀਤ ਇਕ ਨਿਰੀ ਗਾਇਨ ਵਿਦਿਆ ਹੈ। ਸੰਗੀਤ ਰਸ ਅਰਥਾਤ ਗਾਇਨ-ਰਸ ਭਾਵੇਂ ਕਿੰਨਾ ਹੀ ਉੱਚਾ ਹੋਵੇ, ਫਿਰ ਭੀ ਇਕ ਸਰੀਰਕ ਰਸ ਹੀ ਹੈ। ਮੰਨਿਆ ਕਿ ਸਰੀਰ ਦੇ ਸਾਰੇ ਰਸਾਂ ਵਿਚੋਂ ਉੱਚਾ ਰਸ ਹੈ, ਪਰ ਹੈ ਤਾਂ ਸਰੀਰਕ ਵਸ਼ੈਣੀ ਰਸ ਹੀ ਨਾ। ਆਮ ਬਾਜੇ ਗਾਜੇ ਗਨਕਾ ਗਤੰਤਰੀ ਰਸਾਂ ਵਾਲਾ ਸੰਗੀਤ-ਰਸ ਸਰੀਰਕ ਵਿਸ਼ਿਆਂ ਵਾਲੇ ਰਸ ਤੋਂ ਉਚੇਰਾ ਨਹੀਂ ਲੈ ਜਾ ਸਕਦਾ ਅਤੇ ਸਥੂਲ ਰਸਾ ਤੋਂ ਵੈਰਾਗ-ਮਾਨ ਨਹੀਂ ਕਰਾਉਂਦਾ, ਸਗੋਂ ਵਧੇਰੇ ਖਚਿਤ ਕਰਾਉਂਦਾ ਹੈ, ਜੈਸੇ ਕਿ ਥੀਏਟਰ ਰਸਾਂ ਦੇ ਨਾਟਕੀ ਚੇਟਕੀ ਚੰਗੀ ਤਰ੍ਹਾਂ ਜਾਣੂ ਹਨ। ਸਥੂਲ ਰਸਾਂ ਤੋਂ ਉਚਿਆਂ ਸੱਚੇ ਵਿਸਮਾਦ ਰਸਾਂ ਵਿਚ ਲੈ ਜਾਣ ਵਾਲਾ ਕੇਵਲ ਕੀਰਤਨ-ਅਨੰਦ-ਰਸ ਹੈ, ਸੰਗੀਤ-ਰਸ ਨਹੀਂ। ਗੁਰਬਾਣੀ ਦਾ ਕੀਰਤਨ ਵਿਸਮਾਦ ਰੰਗਾਂ ਵਿਚ ਉਡਾਰੀ ਦੇਣ ਨੂੰ ਸਮਰੱਥ ਹੈ। ਸੋ ਹਰਿ-ਕੀਰਤਨ ਨੂੰ ਆਮ ਸੰਗੀਤ ਪਦ ਨਾਲ ਤੁਲਤਾ ਨਹੀਂ ਦਿਤੀ ਜਾ ਸਕਦੀ।"

ਸੋ ਗੁਰੂ ਸਾਹਿਬਾਨ ਨੇ ਰਾਗ-ਰਾਗਣੀਆਂ ਅਤੇ ਰਾਗ ਨਾਦ ਨੂੰ ਜਿਥੇ ਬੜੀ ਮਹਾਨਤਾ ਦਿਤੀ ਹੈ ਉਥੇ ਨਾਲ ਇਹ ਭੀ ਕਿਹਾ ਹੈ ਕਿ ਇਨ੍ਹਾਂ ਦੀ ਮਹਾਨਤਾ ਤਦ ਹੀ ਹੈ ਜੇ ਇਹ ਪ੍ਰਭੂ ਸਿਮਰਨ ਦੀ ਗੱਲ ਕਰਦੇ ਹਨ। ਪ੍ਰਭੂ-ਸਿਮਰਨ ਤੋਂ ਬਿਨਾਂ ਨਿਰੇ ਸੰਗੀਤ-ਰਸ ਨੂੰ ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਕੋਈ ਥਾਂ ਨਹੀਂ ਦਿਤੀ।

ਤਾਤਪਰਜ ਇਹ ਹੈ ਕਿ ਰਾਗ ਦੀ ਮਧੁਰ ਧੁਨ ਨਾਲ ਜਦੋਂ ਮਨ ਦ੍ਰਵੀਭੂਤ ਹੋਵੇ ਤਾਂ ਗੁਰ ਸ਼ਬਦ ਦੇ ਸੱਚੇ ਵਿਚ ਇਸ ਨੂੰ ਢਾਲ ਕੇ ਗੁਰਮੁਖ ਕਰ ਲਿਆ ਜਾਵੇ। ਨਿਰਾ ਰਾਗ-ਰਸ ਮਨ ਨੂੰ ਚੰਚਲ ਕਰਦਾ ਹੈ, ਪਰ ਰਾਗ ਵਿਚ ਗੁੰਫਤ ਪ੍ਰੇਮ ਰੰਗ ਵਿਚ ਕੀਤਾ ਹਰਿ-ਜਸ-ਕੀਰਤਨ ਮਨ ਨੂੰ ਟੁੰਭ ਕੇ ਫ਼ਰਸ਼ ਤੋਂ ਅਰਸ਼ ਵਿਚ ਲੈ ਉਡਦਾ ਹੈ। ਗੁਰਬਾਣੀ ਉਹੀ ਹੈ ਜਿਸ ਨੂੰ ਗਾ ਕੇ ਗੁਰੂ ਬਾਬੇ ਨੇ ਪੱਥਰ ਪੰਘਾਰ ਦਿਤੇ, ਕਉੜੇ ਰੇਠੇ ਮਿਠੇ ਕਰ ਦਿਤੇ; ਵਿਸ਼ੇਸ਼ਤਾ ਕੇਵਲ ਇਹ ਸੀ ਕਿ ਗੁਰਬਾਣੀ ਅਕਾਲ ਪੁਰਖ ਨਾਲ ਇਕ-ਸੁਰ ਹੋਏ ਮਨ ਨਾਲ ਗਾਵੀਂ ਗਈ। ਅੱਜ ਵੀ ਜਦੋਂ 'ਗੁਰੂ ਕੇ ਢਾਢੀ ਮਨ ਨੂੰ ਗੁਰੂ ਚਰਨਾਂ ਵਿਚ ਜੋੜ ਕੇ ਕੀਰਤਨ-ਕੁਲਾਹਲ ਕਰਦੇ ਹਨ ਤਾਂ ਗੁਰਬਾਣੀ ਦੀ ਪਾਰਸ ਕਲਾ ਪਰਤੱਖ ਵਰਤਦੀ ਹੈ ਤੇ ਘੋਰ ਮਨਮੁਖ ਗੁਰਮੁਖ ਹੋ ਨਿਬੜਦੇ ਹਨ।

---

**ਪਾਠਕ ਜੀ—**(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਜਦੋਂ ਵੇਖੋ, ਉਦੋਂ ਹੀ ਚੰਦਾ ਮਨੀਆਰਡਰ ਰਾਹੀਂ ਭੇਜੋ ਜੀ। ਨਹੀਂ ਤਾਂ ਆਪ ਦਾ ਪਰਚਾ ਬੰਦ ਹੋ ਜਾਵੇਗਾ।

(੩) ਜੇ ਪਰਚਾ ੧੫ ਤਰੀਕ ਤਕ ਨਾ ਪੁਜੇ, ਗੁੰਮ ਗਿਆ ਸਮਝੋ। ਫਿਰ ਹੋਰ ਪਰਚਾ ਭੇਜਣ ਲਈ ਕਾਰਡ ਲਿਖੋ ਜੀ।



www.AKJ.Org

# 'ਮਨੁ ਤਨੁ ਆਗੈ ਰਾਖਿ ਕੈ'

[ ਪ੍ਰੋਫੈਸਰ ਗੁਰਮੁਖ ਸਿੰਘ ਜੀ ]

ਪਿਆਰ ਦੁਵੱਲੀ ਖੇਡ ਹੈ। ਸਿੱਖ ਨੇ ਆਪਣਾ ਆਪ ਮਿਟਾ ਕੇ ਹੀ ਗੁਰੂ ਦੇ ਆਪੇ ਵਿਚ ਘੁਲਮਿਲ ਹੋਣਾ ਹੈ। ਗੁਰਬਾਣੀ ਸਿੱਖ ਨੂੰ ਸੰਪੂਰਨ ਸਮਰਪਨ ਲਈ ਪ੍ਰੇਰਦੀ ਹੈ। —ਸੰਪਾਦਕ

ਸਮਰਸੱਟ ਮਾਹੁਮ ਇਕ ਪ੍ਰਸਿਧ ਅੰਗਰੇਜ਼ ਨਾਵਲਕਾਰ ਤੇ ਕਹਾਣੀਕਾਰ ਸੀ। ਉਸ ਨੇ ਆਪਣੇ ਕਰੈਕਟਰ ਦਾ ਬੜਾ ਗੁੱਝਾ ਭੇਦ ਖੋਲ੍ਹਦਿਆਂ ਇਕ ਥਾਂ ਕਿਹਾ ਹੈ, ''ਜਦੋਂ ਮੇਰੇ ਪਰਸ਼ੰਸਕ ਮੈਨੂੰ ਪਿਆਰਦੇ ਸਤਿਕਾਰਦੇ ਹਨ, ਮੈਂ ਬੜਾ ਪ੍ਰੇਸ਼ਾਨ ਹੁੰਦਾ ਹਾਂ, ਕਿਉਂਕਿ ਅੱਜ ਤਕ ਮੈਂ ਕਿਸੇ ਨੂੰ ਖੁੱਭ ਕੇ ਪਿਆਰ ਨਹੀਂ ਕਰ ਸਕਿਆ। ਇਸ ਦਾ ਸਭ ਤੋਂ ਵੱਡਾ ਕਾਰਨ ਉਹ ਇਹ ਦਸਦਾ ਹੈ ਕਿ ਮੈਂ ਆਪਣਾ 'ਆਪਾ' ਕਿਸੇ ਅਗੇ ਪੂਰੀ ਤਰ੍ਹਾਂ ਨਾ ਕਦੀ ਸਮਰਪਤ ਕੀਤਾ ਹੈ ਤੇ ਨਾ ਹੀ ਕਰ ਸਕਦਾ ਹਾਂ। ਸੋ ਜਦੋਂ ਮੈਨੂੰ ਕੋਈ ਪਿਆਰ ਕਰਦਾ ਹੈ ਤਾਂ ਮੈਂ ਬੜਾ ਪ੍ਰੇਸ਼ਾਨ ਹੁੰਦਾ ਹਾਂ। ਮੈਥੋਂ ਉਸ ਨੂੰ ਮੋੜਵਾਂ ਪਿਆਰ ਨਹੀਂ ਦਿਤਾ ਜਾਂਦਾ।''

ਇਸ ਤੋਂ ਸਿਖਿਆ ਇਹ ਮਿਲਦੀ ਹੈ ਕਿ ਪਿਆਰ ਭਾਵੇਂ ਦੁਨਿਆਵੀ (ਮਜਾਜੀ) ਹੋਵੇ, ਭਾਵੇਂ ਆਤਮਕ (ਹਕੀਕੀ), ਇਸ ਵਿਚ ਸਭ ਤੋਂ ਵੱਡੀ ਗੱਲ ਇਹੋ ਹੈ ਕਿ ਪਿਆਰ ਪਾਉਣ ਵਾਲੇ ਨੂੰ ਆਪਣਾ ''ਆਪਾ'', ਆਪਣੀ ਹਸਤੀ ( Ego ) ਮਿਟਾ ਕੇ ਆਪਣੇ ਪ੍ਰੀਤਮ ਨੂੰ ਸਮਰਪਤ ਕਰਨਾ ਬਣਦਾ ਹੈ। ਆਪਣੀ ਡੋਰੀ ਪ੍ਰੀਤਮ ਦੇ ਹੱਥ ਫੜਾਉਣੀ ਬਣਦੀ ਹੈ। ਮਨ ਦੇ ਕੇ ਰਾਮ ਨੂੰ ਮੁਲ ਲਈਦਾ ਹੈ। ਮਨ ਤਨ ਅਗੇ ਰਖ ਕੇ ਸੇਵਾ ਕਰਨ ਦਾ ਗੁਰ ਉਪਦੇਸ਼ ਹੈ:

ਹਸਤੀ ਸਿਰਿ ਜਿਉ ਅੰਕਸੁ ਹੈ, ਅਹਰਣਿ ਜਿਉ ਸਿਰੁ ਦੇਇ॥
ਮਨੁ ਤਨੁ ਆਗੈ ਰਾਖਿ ਕੈ, ਊਭੀ ਸੇਵ ਕਰੇਇ॥
ਇਉ ਗੁਰਮੁਖਿ ਆਪੁ ਨਿਵਾਰੀਐ, ਸਭ ਰਾਜੁ ਸ੍ਰਿਸਟਿ ਕਾ ਲੇਇ॥
ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ॥
(ਸਲੋਕ ਮ: ੩, ਪੰਨਾ ੬੪੭–੪੮)

ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਦੇ ਰਾਮੁ ਲੀਆ ਹੈ ਮੋਲਿ॥੧॥ ...
ਕਹੁ ਕਬੀਰ ਚੰਚਲ ਮਤਿ ਤਿਆਗੀ॥ ਕੇਵਲ ਰਾਮ ਭਗਤਿ ਨਿਜ ਭਾਗੀ॥੩॥੧॥੧੯॥
(ਗਉੜੀ ਕਬੀਰ ਜੀ, ੩੨੭)

ਹਾਥੀ ਸਦਾ ਆਪਣੇ ਮੁਹਾਵਤ ਦੀ ਆਗਿਆ ਵਿਚ ਅੰਕਸ ਦੇ ਇਸ਼ਾਰੇ ਨਾਲ ਤੁਰਦਾ ਹੈ। ਉਸ ਦਾ ਮਨ ਅਤੇ ਤਨ ਮੁਹਾਵਤ ਦੇ ਕਾਬੂ ਵਿਚ ਹੁੰਦਾ ਹੈ। ਇਹ ਉਸਦਾ ਪੂਰਨ ਸਮਰਪਣ ਹੈ। ਇਸੇ ਤਰ੍ਹਾਂ ਅਹਿਰਣ ਭਾਵੇਂ ਬੇਜਾਨ ਲੋਹਾ ਹੈ, ਪਰ ਉਸਦਾ ਸਮਰਪਣ ਭੀ ਪੂਰਨ ਹੈ, ਕਿਉਂਕਿ ਉਸ ਨੇ ਸਦਾ ਲੁਹਾਰ ਦੇ ਹਥੌੜੇ ਤੇ ਸੰਨੀ ਅਗੇ ਆਪਣਾ ਸਿਰ ਦੇਈ ਰਖਣਾ ਹੈ। ਸ੍ਰੀ ਗੁਰੂ ਅਮਰਦਾਸ ਜੀ ਸਿਖ ਨੂੰ ਆਤਮਕ ਮੰਡਲ ਵਿਚ ਆਉਣ ਲਗਿਆਂ ਇਹੋ ਸਮਝਾਂਦੇ ਹਨ ਕਿ ਇਨ੍ਹਾਂ ਵਾਂਗ ਹੀ ਆਪਣੇ ਗੁਰੂ ਨੂੰ ਮਨ ਤੇ ਤਨ ਪੂਰਨ ਤੌਰ ਤੇ ਸਮਰਪਣ ਕਰ ਕੇ ਨਾਮ ਜਪਣ ਦੀ ਸੇਵਾ ਵਿਚ ਜੁਟਣਾ ਚਾਹੀਦਾ ਹੈ। ਗੁਰੂ-ਉਪਦੇਸ਼ਾਂ ਤੇ ਕਿੰਤੂ ਉਹੀ ਕਰਦਾ ਹੈ ਜਿਸ ਨੇ ਅਜੇ ਮਨ ਤਨ ਗੁਰੂ ਅਗੇ ਭੇਟ ਨਹੀਂ ਕੀਤੇ ਹੁੰਦੇ।

ਸ੍ਰੀ ਗੁਰੂ ਰਾਮਦਾਸ ਜੀ ਇਸੇ ਨੁਕਤੇ ਨੂੰ ਆਪਣੇ ਤਰਜ਼ੇ ਬਿਆਨ ਰਾਹੀਂ ਸਮਝਾਦੇ ਹਨ:—

ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ, ਹਮ ਵੇਚਿਓ ਸਿਰੁ ਗੁਰ ਕੇ ॥੪॥੧॥੧੦॥ (ਸੂਹੀ ਮ: ੪–੭੩੧)



www.AKJ.Org

ਸੁਖਮਨੀ ਸਾਹਿਬ ਵਿਚ ਪੰਚਮ ਸਤਿਗੁਰੂ ਜੀ ਦਾ ਫੁਰਮਾਨ ਹੈ–

ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥੨॥੧੮॥ (੨੮੬)

ਮਨ ਜਾਂ ਸਿਰ ਵੇਚਣਾਂ ਗ਼ੁਲਾਮ ਬਣਨ ਨੂੰ ਕਹਿੰਦੇ ਹਨ। ਤੇ ਗੁਲਾਮ ਦੇ ਸਿਰ ਦਾ ਇਕ ਵਾਰੀ ਮੁੱਲ ਪੈ ਜਾਣ ਪਿਛੋਂ, ਉਸ ਗ਼ੁਲਾਮ ਨੂੰ ਮਾਲਕ ਸਾਰੀ ਉਮਰ ਵਰਤ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਸੇ ਵਿਚਾਰ ਨੂੰ ਆਪਣੇ ਅੰਦਾਜ਼ ਵਿਚ ਇਉਂ ਫੁਰਮਾਂਦੇ ਹਨ:—

ਮੂਲ ਖਰੀਦੀ ਲਾਲਾ ਗੋਲਾ, ਮੇਰਾ ਨਾਉ ਸਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ, ਜਿਤੁ ਲਾਇਆ ਤਿਤੁ ਲਾਗਾ ॥੧॥
ਤੇਰੇ ਲਾਲੇ ਕਿਆ ਚਤੁਰਾਈ ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥ ੧ ॥ ਰਹਾਉ ॥ ੬ ॥
(ਮਾਰੂ ਮ: ੧, ੯੯੧)

ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥ ੪ ॥ ੧ ॥
(ਤੁਖਾਰੀ ਮ: ੪–੧੧੧੪)

ਸੀਸ-ਭੇਟ ਦਾ ਸੱਚਾ ਖੇਲ ਸ੍ਰੀ ਦਸਮੇਸ਼ ਸਤਿਗੁਰੂ ਜੀ ਨੇ ਵਿਸਾਖੀ ਵਾਲੇ ਦਿਨ ਪਰਤੱਖ ਵਰਤਾ ਕੇ ਖਾਲਸੇ ਨੂੰ ਦ੍ਰਿੜ੍ਹ ਕਰਵਾਇਆ ਕਿ–

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ, ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ ੨੦ ॥ (ਸਲੋਕ ਮ: ੧, ੧੪੧੨)

ਗੁਰੂ ਕੇ ਲਾਡਲੇ ਪੰਜਾਂ ਨੇ ਨਿਮਰਤਾ ਸਹਿਤ ਅਤਿ ਪਿਆਰ ਵਿਚ ਸੀਸ ਭੇਟ ਕੀਤਾ। ਕਹਿੰਦੇ ਹਨ, ਉਸ ਵਕਤ ਬਹੁਤ ਸਾਰੇ ਸਿਖ, "ਸੀਸ ਭੇਟ" ਦੇ ਇਸ ਖਾੜਕੂ ਐਲਾਨ ਨੂੰ ਸੁਣ ਕੇ ਡਰਦੇ ਮਾਰੇ ਖਿਸਕ ਹੀ ਗਏ, ਕਿਉਂਕਿ ਉਹਨਾਂ ਨੇ ਅਜੇ ਅੰਤਰ-ਆਤਮੇ ਆਪਣਾ ਤਨ ਮਨ ਅਥਵਾ ਆਪਣਾ ਸੀਸ ਗੁਰੂ ਨੂੰ ਭੇਟ ਨਹੀਂ ਸੀ ਕੀਤਾ।

੧੭੭੫ ਈਸਵੀ ਵਿਚ ਦਿੱਲੀ ਵਿਖੇ ਸਿਖਾਂ ਦੇ ਸਾਹਮਣੇ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਹੋਈ। ਸਤਿਗੁਰਾਂ ਦਾ ਸੀਸ ਜਦੋਂ ਭਾਈ ਰੰਗਰੇਟਾ ਜੀ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਪੁਜੇ ਤਾਂ ਦਸਵੇਂ ਪਾਤਸ਼ਾਹ ਨੇ ਪੁਛਿਆ ਸੀ ਕਿ ਕੀ ਉਥੇ ਹੋਰ ਭੀ ਕੋਈ ਸਿਖ ਮੌਜੂਦ ਸਨ ? ਤਾਂ ਉਤਰ ਸੀ, 'ਹਾਂ ਜੀ।' 'ਪਰ ਕੀ ਉਹ ਅਗੇ ਨਹੀਂ ਸਨ ਵਧੇ ?' ਉਤਰ ਨਾਂਹ ਵਿਚ ਸੀ। ਸਤਿਗੁਰੂ ਆਪਣੀ ਕੌਮ ਦੀ ਇਸ ਕਮਜ਼ੋਰੀ ਨੂੰ ਭਾਂਪ ਗਏ। ਇਸ ਕਾਰਨ ਉਹਨਾਂ ਕੌਮ ਨੂੰ ਪਹਿਲਾਂ ਤਿਆਰ ਕੀਤਾ ਤੇ ਫਿਰ ਸੀਸ ਭੇਟ ਮੰਗੀ। ਨਵੰਬਰ ੧੯੮੪ ਦੇ ਦਿੱਲੀ ਦੰਗਿਆਂ ਨੇ ਸਿਖਾਂ ਦਾ ਕਰੜਾ ਇਮਤਿਹਾਨ ਲਿਆ। ਜਿਨ੍ਹਾਂ ਸਿਖਾਂ ਅਜੇ ਗੁਰੂ ਨੂੰ ਸੀਸ ਭੇਟ ਨਹੀਂ ਸੀ ਕੀਤਾ, ਉਹਨਾਂ ਗੁਰੂ ਵਲ ਛੇਤੀ ਹੀ ਪਿੱਠ ਕਰ ਲਈ। ਤਨ ਮਨ ਭੇਟ ਕਰਨਾ ਇਕ ਅਉਖੀ ਖੇਡ ਹੈ।

ਆਤਮਕ ਮੰਡਲ ਦੇ ਵਾਪਾਰੀ ਸਤਿਗੁਰੂ ਸੀਸ ਭੇਟ ਲੈ ਕੇ ਹੀ ਨਾਮ ਦਾ ਵਣਜ ਵਾਪਾਰ ਕਰਦੇ ਹਨ। ਗੁਰਬਾਣੀ ਵਿਚ ਮਾਇਕੀ ਬਿਰਤੀ ਵਾਲੇ ਨੂੰ ਸਾਕਤ ਆਖਿਆ ਗਿਆ ਹੈ। ਉਸ ਪਾਸ ਆਤਮਕ ਵਣਜ ਲਈ ਕੇਵਲ ਮਾਇਕ ਪਦਾਰਥ ਹੀ ਹਨ। ਉਹ ਪਾਠ ਦੀ ਭੇਟਾ ਲਈ, ਜਾਂ ਕੀਰਤਨ ਭੇਟ ਲਈ ਵਧ ਤੋਂ ਵਧ ਰੁਪਏ, ਪਦਾਰਥ ਤਾਂ ਦੇ ਸਕਦਾ ਹੈ, ਪਰ ਤਨ ਤੇ ਮਨ ਉਹ ਸਦਾ ਆਪਣਾ ਹੀ ਬਣਾ ਕੇ ਰਖਣਾ ਲੋਚਦਾ ਹੈ। ਇਉਂ ਉਹ ਗੁਰੂ ਪਾਸੋਂ ਕੁਝ ਭੀ ਪ੍ਰਾਪਤ ਨਹੀਂ ਕਰ ਸਕਦਾ ਤੇ ਸਾਰੀ ਉਮਰ ਭਾਵੇਂ ਉਹ ਉਪਰੋਂ ਉਪਰੋਂ ਕਿਤਨਾ ਹੀ ਪਿਆਰ ਪਿਆ ਦਰਸਾਵੇ, ਉਸ ਦਾ ਅੰਦਰਲਾ ਭਿੱਜ ਨਹੀਂ ਸਕਦਾ। ਕਿਉਂਕਿ–

ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਇ ॥੧॥੧੪॥
(ਆਸਾ ਕੀ ਵਾਰ ਮ: ੧, ਪੰਨਾ ੪੭੦)

ਪਿਆਰ ਦੁਵੱਲੀ ਖੇਡ ਹੈ। ਜੇ ਸਿਖ ਤਨ ਤੇ ਮਨ ਅਰਪਣ ਕਰਦਾ ਹੈ ਤਾਂ ਗੁਰੂ ਭੀ ਆਪਣਾ ਸਭ ਕੁਝ ਸਿਖ ਤੋਂ ਕੁਰਬਾਨ ਕਰ ਦਿੰਦਾ ਹੈ। ਗੁਰ-ਇਤਿਹਾਸ ਗਵਾਹ ਹੈ। ਦਸਮੇਸ਼ ਪਿਤਾ ਜੀ ਆਪਣੇ ਪਿਆਰੇ ਖਾਲਸੇ ਨੂੰ ਸਭ



www.AKJ.Org

ਕੁਝ ਅਰਪਣ ਕਰਦੇ ਹੋਏ ਫੁਰਮਾਂਦੇ ਹਨ—

ਮੋ ਗ੍ਰਿਹ ਮੈ ਤਨ ਤੇ ਮਨ ਤੇ, ਸਿਰ ਲਉ ਧਨ ਹੈ, ਸਬ ਹੀ ਇਨ ਹੀ ਕੋ ॥ ੩ ॥ (ਪਾ:੧੦, ਕੇਸ਼ੋ ਪ੍ਰਤਿ)

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਸੇਵਕ ਸਿਖਾਂ ਤੇ ਇਤਨੇ ਦਿਆਲ ਹੁੰਦੇ ਹਨ ਕਿ—

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਿਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥੧੮॥
(ਗਉੜੀ ਸੁਖਮਨੀ ਮ: ੫, ਪੰਨਾ ੨੮੬)

ਜੇ "ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਇ" ਹੈ ਤਾਂ "ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ" ਹੈ।
ਭਾਈ ਗੁਰਦਾਸ ਜੀ ਸਮਝਾਂਦੇ ਹਨ :— (ਪੰਨਾ ੧੬੪—੬੫)

ਮੁਰਦਾ ਹੋਇ ਮੁਰੀਦੁ ਸੋ ਗੁਰ ਗੋਰਿ ਸਮਾਵੈ ॥
ਸ਼ਬਦ ਸੁਰਤਿ ਲਿਵਲੀਣ ਹੋਇ ਓਹੁ ਆਪੁ ਗਵਾਵੈ ॥੨੨॥ (੯)

ਮੁਕਦੀ ਗੱਲ ਇਹ ਹੈ ਕਿ ਜੇ ਕਰ ਸਿਖ ਸਤਿਗੁਰੂ ਦਾ ਪਿਆਰ ਪ੍ਰਾਪਤ ਕਰਨਾ ਚਾਹੁੰਦਾ ਹੈ, ਤਾਂ ਸਤਿਗੁਰੂ ਭੀ ਤਾਂ ।ਸਿੱਖ ਤੋਂ ਪਿਆਰ ਹੀ ਮੰਗਦਾ ਹੈ। ਇਸ ਪਿਆਰ ਬਦਲੇ ਸਿਖ ਨੇ ਆਪਣਾ ਸਭ ਕੁਝ ਗੁਰੂ-ਅਰਪਣ ਕਰਨਾ ਹੈ, ਤਾਂ ਹੀ ਉਹ ਗੁਰੂ ਨਾਲ ਇਕ ਮਿਕ ਹੋ ਸਕਦਾ ਹੈ। ਗੁਰਵਾਕ ਹੈ—

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥੯॥ (ਅਨੰਦੁ ਸਾਹਿਬ,੯੧੮)

ਇਉਂ ਹੀ ਸਿਖ ਗੁਰੂ ਵਿਚ ਸਮਾ ਸਕਦਾ ਹੈ। ਇਸ ਦੇ ਲਈ ਉਸ ਨੂੰ ਆਪਣੀ ਸਿਆਣਪ ਅਤੇ 'ਹਉ' ਨੂੰ ਛਡ ਕੇ ਪੂਰਨ ਤੌਰ ਤੇ ਆਪਾ ਸਤਿਗੁਰੂ ਦੇ ਸਮਰਪਣ ਕਰਨਾ ਹੀ ਗੁਰਮਤਿ ਸੋਧ ਹੈ।

# ਬਿਨਾਂ ਉਲਫ਼ਤ ਇਬਾਦਤ ਦਾ

[ ਸ: ਉਜਾਗਰ ਸਿੰਘ 'ਉਲਫ਼ਤ' ]

ਉਦ੍ਹੇ ਫ਼ੈਜ਼ਾਂ ਦਾ ਸਰ-ਚਸ਼ਮਾ, ਸਦਾ ਸਰਸ਼ਾਰ ਰਹਿੰਦਾ ਹੈ।
ਅਮਰ ਹੋ ਜਾਂਦਾ ਏ ਜ਼ਾਹਿਦ, ਜੋ ਪੀ ਇਕ ਬੂੰਦ ਬਹਿੰਦਾ ਹੈ।
ਇਥੇ ਨਿਰਮਾਣ ਜੇ ਹੋਈਏ, ਮਿਲਣ ਬੇਅੰਤ ਸੁਖ-ਦਾਤਾਂ,
ਇਸੇ ਲਈ ਇਸ ਦਰ ਉਤੇ, ਸਦਾ ਝੁਕਣਾ ਹੀ ਪੈਂਦਾ ਹੈ।
ਭਟਕ ਜਾਂਦੇ ਨੇ ਕਈ ਮੁਫ਼ਤੀ, ਮਜਾਹਿਦ ਹੱਵਸ ਦੇ ਮਾਰੇ,
ਹਾਂ ਪਰ ਕਾਅਬਾ ਇਹ ਦਿਲਬਰ ਦਾ, ਸਦਾ ਕਾਅਬਾ ਹੀ ਰਹਿੰਦਾ ਹੈ।
ਕੋਈ ਵੀ ਥੋੜ ਰਹਿੰਦੀ ਨਾ, ਗਇਆਂ ਆਜਜ਼ ਨੂੰ ਦਰ ਉੱਤੇ,
ਇਥੇ ਤਾਂ ਵਹਿਣ ਮਿਹਰਾਂ ਦਾ, ਸਦਾ ਇਕ-ਸਾਰ ਵਹਿੰਦਾ ਹੈ।
ਨੇ ਤਰ ਜਾਂਦੇ ਸਦਾ ਪਾਪੀ, ਓਦ੍ਹੀ ਧੂੜੀ ਛੁਹਾ ਮੱਥੇ,
ਹੱਵਸ ਦੇ ਮਾਰਿਆਂ ਦਾ ਨਾਂ, ਕੁਈ ਵਿਰਲਾ ਹੀ ਲੈਂਦਾ ਹੈ।
ਬੁਰਾ ਅੰਜਾਮ ਹੁੰਦਾ ਹੈ, ਸਦਾ ਲੋਭੀ ਨਿਮਾਜ਼ੀ ਨੂੰ,
ਤੇ ਸਿਰ ਤੇ ਚੁੱਕਿਆ ਵਾਇਜ਼, ਜ਼ਮੀਨ ਉਤੇ ਹੀ ਢਹਿੰਦਾ ਹੈ।
ਓ ਵਾਇਜ਼ ਕਰ ਕੁਈ ਚਾਰਾ, ਬਚਾਅ ਕਰ ਲੈ ਤੂੰ ਸ਼ੁਹਰਤ ਦਾ,
ਬਿਨਾਂ 'ਉਲਫ਼ਤ' ਇਬਾਦਤ ਦਾ, ਕਿਤੇ ਨਾ ਮੁੱਲ ਪੈਂਦਾ ਹੈ।

ਉਲਫ਼ਤ—ਪਿਆਰ। ਇਬਾਦਤ—ਬੰਦਗੀ। ਫ਼ੈਜ਼—ਬਖਸ਼ਸ਼। ਸਰ-ਚਸ਼ਮਾ—ਵਗਦਾ ਚਸ਼ਮਾ। ਜ਼ਾਹਿਦ—ਧਰਮੀ ਬੰਦਾ। ਮਜਾਹਿਦ—ਸੂਰਬੀਰ। ਅੰਜਾਮ—ਨਤੀਜਾ। ਵਾਇਜ਼—ਉਪਦੇਸ਼ਕ। ['ਉਲਫ਼ਤ ਗਜ਼ਲਾਂ' ਚੋਂ

www.AKJ.Org

# ਗੁਰੂ ਗ੍ਰੰਥ ਤੇ ਨਵੀਂ ਸੰਸਕ੍ਰਿਤੀ

[ ਪ੍ਰੋਫੈਸਰ ਪਿਆਰਾ ਸਿੰਘ ਜੀ 'ਪਦਮ' ]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਡਿਆਈ ਇਸੇ ਕਰਕੇ ਨਹੀਂ ਕਿ ਇਹ ਸਿੱਖਾਂ ਦਾ ਧਰਮ-ਗ੍ਰੰਥ ਹੈ, ਬਲਕਿ ਇਸ ਵਡਿਆਈ ਦਾ ਵੱਡਾ ਕਾਰਨ ਉਹ ਸਰਬ-ਸਾਂਝਾ ਜਾਂ ਸਰਬੱਤ ਦੇ ਭਲੇ ਦਾ ਪੈਗਾਮ ਹੈ, ਜੋ ਇਸ ਵਿਚ ਕਲਾਤਮਕ-ਢੰਗ ਨਾਲ ਪ੍ਰੇਮ ਪੂਰਬਕ ਦਿੱਤਾ ਗਿਆ ਹੈ। ਆਦਿ ਗੁਰੂ ਗ੍ਰੰਥ ਰੱਬੀ ਏਕਤਾ ਦੇ ਸਿਧਾਂਤ ਉਤੇ ਮਨੁੱਖੀ ਏਕਤਾ ਦਾ ਸੁੰਦਰ ਮੰਦਰ ਜਿਸ ਢੰਗ ਨਾਲ ਉਸਾਰਦਾ ਹੈ, ਉਹੀ ਮਨੁੱਖ-ਸਭਿਅਤਾ ਦੇ ਇਤਿਹਾਸ ਵਿਚ ਸੱਚਮੁਚ ਇਕ ਨਵੀਂ ਪ੍ਰਾਪਤੀ ਹੈ। ਜਿਥੋਂ ਤਕ ਇਸ ਰੂਹਾਨੀ ਸੰਦੇਸ਼ ਦਾ ਸੰਬੰਧ ਹੈ, ਉਹ ਵਿਸ਼ਵਾਰਥੀ ਤੇ ਵਿਗਿਆਨਕ (Universal and rational) ਹੋਣ ਕਰਕੇ ਵਿਸ਼ੇਸ਼ ਕਰਕੇ ਮਹੱਤਵ ਦਾ ਧਾਰਨੀ ਹੈ। ਇਸ ਕਰਕੇ ਇਸ ਨੂੰ ਸੰਸਾਰ ਮਾਤਰ ਦਾ ਕਲਿਆਣਕਾਰੀ ਤੇ ਪੂਜਨੀਕ ਧਰਮ-ਗ੍ਰੰਥ ਵੀ ਆਖਿਆ ਜਾ ਸਕਦਾ ਹੈ। ਜਿਥੋਂ ਤਕ ਇਸ ਦੇ ਬਾਹਰੀ ਰੂਪ–ਭਾਸ਼ਾ ਤੇ ਸ਼ੈਲੀ ਦਾ ਸੰਬੰਧ ਹੈ, ਇਸ ਪੱਖ ਤੋਂ ਅਸੀਂ ਇਸ ਨੂੰ ਨਿਰਸੰਕੋਚ ਧਰਮ-ਨਿਰਪੇਖ (Secular) ਨਵੇਂ ਭਾਰਤ ਦਾ ਨਵਾਂ ਧਰਮ-ਗ੍ਰੰਥ ਸਹਿਜੇ ਮੰਨ ਸਕਦੇ ਹਾਂ, ਜਿਸ ਵਿੱਚ ਬਿਨਾਂ ਕਿਸੇ ਸਮਾਜਿਕ ਜਾਂ ਮਜ਼ਬੀ ਵਿਤਕਰੇ ਜਾਂ ਫਿਰ ਇਲਾਕਾਈ ਭਿੰਨ-ਭੇਦ ਦੇ ਸਾਰੇ ਹਿੰਦੁਸਤਾਨ ਦੀ ਅਧਿਆਤਮਕ ਆਤਮਾ ਗੂੰਜ ਉਠੀ ਹੈ। ਪ੍ਰਬੀਨ ਸਿੱਖ ਗੁਰੂਆਂ ਇਸ ਵਿਚ ਕੇਵਲ ਆਪਣੀ ਬਾਣੀ ਹੀ ਸੰਕਲਿਤ ਨਹੀਂ ਕੀਤੀ, ਸਗੋਂ ਸ਼ੇਖ ਫਰੀਦ ਤੇ ਭੀਖਨ ਵਰਗੇ ਸੂਫੀ ਫਕੀਰਾਂ ਤੇ ਰਾਮਾਨੰਦ, ਜੈਦੇਵ ਤੇ ਕਬੀਰ ਵਰਗੇ ਭਗਤੀ ਲਹਿਰ ਦੇ ਸੰਤਾਂ ਦੇ ਅਮੋਲਕ ਬਚਨ ਵੀ ਬਰਾਬਰ ਚੁਣ ਕੇ ਰੱਖੇ ਹਨ। ਭਗਤੀ ਲਹਿਰ ਵਿਚ ਸਰਗੁਣਵਾਦ ਤੇ ਨਿਰਗੁਣਵਾਦ ਦੀਆਂ ਦੋ ਧਾਰਾਵਾਂ ਹਨ, ਮਗਰ ਸਤਿਗੁਰਾਂ ਦੋਹਾਂ ਦਾ ਸੰਗਮ ਰਚਿਆ ਤੇ ਕੁਦਰਤ ਦੇ ਵਿਚ ਵਿਆਪਕ ਕਾਦਰ ਪਰਮਾਤਮਾ ਦਾ ਸਰਗੁਣ ਰੂਪ ਢੱਕ ਕੇ ਉਸ ਦੇ ਨਿਰਗੁਣ ਰੂਪ ਦੀ ਵਿਆਖਿਆ ਵਿਲੱਖਣ ਭਾਂਤ ਕੀਤੀ। ਇਹ ਬ੍ਰਹਮ ਤੇ ਮਾਇਆ ਦਾ, ਕੁਦਰਤ ਤੇ ਕਾਦਰ ਦੀ ਏਕਤਾ ਦਾ ਦਰਸ਼ਨ ਸੀ। ਸੋ ਗੁਰੂ ਗ੍ਰੰਥ ਦਾ ਅਧਿਆਤਮਕ ਸ਼ਾਸਤ੍ਰ ਏਕਾਵਾਦੀ ਤੇ ਸਮਾਜ ਸ਼ਾਸਤ੍ਰ ਮਾਨਵਵਾਦੀ ਹੈ, ਜੋ ਵਿਸ਼ਵ ਮਨੁੱਖ (Universal man) ਦਾ ਸੁੰਦਰ ਆਧਾਰ ਬਣਨ ਦੀ ਪੂਰਨ ਭਾਂਤ ਸਮਰੱਥਾ ਰੱਖਦਾ ਹੈ।

ਅੱਜ ਦੇ ਬੌਧਿਕ ਯੁਗ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਦੂਜੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਅਧਿਆਤਮਕ ਮਾਰਗ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਆਮ ਤੌਰ ਤੇ ਪੁਰਾਣੇ ਧਾਰਮਕ ਗ੍ਰੰਥਾਂ ਵਿਚ ਕਈ ਤਰ੍ਹਾਂ ਦੇ ਕਰਮ ਕਾਂਡ, ਭਰਮ ਵਹਿਮ, ਮਿਥਿਹਾਸ ਤੇ ਕਾਲਪਨਿਕ ਕਹਾਣੀਆਂ ਤੋਂ ਕੰਮ ਲਿਆ ਗਿਆ ਹੈ, ਜਿਸ ਕਰਕੇ ਨਵੀਂ ਪੀੜ੍ਹੀ ਉਹਨਾਂ ਤੋਂ ਅਸੰਤੁਸ਼ਟ ਹੈ। ਪਰ ਗੁਰੂ ਗ੍ਰੰਥ ਦਾ ਸਿਧਾਂਤ ਤਰਕ-ਕਸਵੱਟੀ ਤੇ ਪੂਰਾ ਉਤਰਨ ਵਾਲਾ ਹੈ ਤੇ ਕੋਈ ਅਜਿਹੀ ਗੱਲ ਨਹੀਂ ਕਹੀ ਗਈ ਜੋ ਆਤਮਕ ਅਨੁਭਵ ਦਾ ਵਿਗਿਆਨਕ ਆਧਾਰ ਨਾ ਰੱਖਦੀ ਹੋਵੇ। ਸਪੱਸ਼ਟ ਫੁਰਮਾਨ ਹੈ :

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥
ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥ (੧੪੧੦)
ਜਾਂ– ਅਕਲੀ ਸਾਹਿਬੁ ਸੇਵੀਐ, ਅਕਲੀ ਪਾਈਐ ਮਾਨੁ ॥ (੧੨੪੫)

ਸੋ ਇਹ ਦ੍ਰਿਸ਼ਟੀਕੋਣ ਦਸਦਾ ਹੈ ਕਿ ਗੁਰੂ ਸਾਹਿਬ ਕਿਸ ਤਰ੍ਹਾਂ ਅਧਿਆਤਮਕਤਾ ਨੂੰ ਵਿਗਿਆਨਕ ਰੂਪ ਵਿਚ ਪੇਸ਼ ਕਰ ਕੇ ਰਾਜ਼ੀ ਸਨ।

ਤੀਸਰੀ ਗੱਲ ਜੋ ਆਦਿ ਗ੍ਰੰਥ ਦੀ ਵਡਿਆਈ ਹੋਰ ਪਰਗਟ ਕਰਦੀ ਹੈ ਉਹ ਇਹ ਕਿ ਇਹ ਧਰਮ ਗ੍ਰੰਥ ਕੇਵਲ ਪਰਲੋਕ ਦੀ ਅਗਵਾਈ ਲਈ ਹੀ ਨਹੀਂ, ਬਲਕਿ ਇਸ ਲੋਕ ਨੂੰ ਸੰਵਾਰਨ, ਸੁਧਾਰਨ ਅਤੇ ਸਮਾਜਿਕ ਤੌਰ ਤੇ ਜੀਵਨ ਨੂੰ ਉਚੇਰਾ ਕਰਨ ਲਈ ਵੀ ਉਤਨਾ ਹੀ ਪ੍ਰਯਤਨ-ਸ਼ੀਲ ਹੈ, ਜਿਤਨਾ ਕਿ ਮੁਕਤੀ



www.AKJ.Org

ਲਈ; ਕਿਉਂਕਿ ਗੁਰੂ ਸਾਹਿਬ ਵਿਰੱਕਤੀ ਦੀ ਥਾਂ ਕਰਮਯੋਗੀ ਜੀਵਨ ਦੇ ਹਿਮਾਇਤੀ ਸਨ, ਇਸ ਕਰਕੇ ਉਨ੍ਹਾਂ ਸੰਸਾਰੀ ਪੱਖਾਂ ਨੂੰ ਅੱਖੋਂ ਉਹਲੇ ਨਹੀਂ ਕੀਤਾ। ਸਮਾਜਿਕ ਭਲਾਈ ਤੇ ਵਿਅਕਤੀਗਤ ਸੁਧਾਈ ਲਈ ਜਿਸ ਸਦਾਚਾਰ ਉਤੇ ਜ਼ੋਰ ਦਿੱਤਾ ਗਿਆ ਹੈ, ਉਹ ਅਤਿਅੰਤ ਸੰਤੁਸ਼ਟਦਾਇਕ ਹੈ। ਗੱਲ ਇਹ ਹੈ ਕਿ ਇਹਨਾਂ ਸਦਾਚਾਰਕ ਨੇਮਾਂ ਵਿਚ ਕੋਈ ਪੱਖਪਾਤ ਜਾਂ ਬੰਧਨ ਵਾਲੀ ਗੱਲ ਨਹੀਂ, ਬਲਕਿ ਮਨੁੱਖੀ ਜੀਵਨ ਦੇ ਭਲੇ ਲਈ ਅਜਿਹੀਆਂ ਗੱਲਾਂ ਦੇ ਸੰਕੇਤ ਹਨ ਜੋ ਬਿਨਾਂ ਕਿਸੇ ਕਟਰਤਾ ਦੇ ਵਿਸ਼ਵ-ਸਦਾਚਾਰ ਦੀ ਬੁਨਿਆਦ ਬਣ ਸਕਦੇ ਹਨ, ਜਿਵੇਂ—

'ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗਣ ਚਲੀਐ ॥' (੭੬੬)

ਜਾਂ— 'ਐਸਾ ਕੰਮੁ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ ॥' (੯੧੮)

ਚੌਥੀ ਗੱਲ ਜੋ ਇਸ ਦੇ ਮਹੱਤਵ ਨੂੰ ਹੋਰ ਗੌਰਵ-ਭਰਪੂਰ ਬਣਾਂਦੀ ਹੈ ਉਹ ਇਸ ਮਹਾਨ ਰਚਨਾ ਦਾ ਸੰਗੀਤਕ ਤੇ ਸਾਹਿਤਕ ਜਾਮੇ ਵਿਚ ਪੇਸ਼ ਕੀਤਾ ਜਾਣਾ ਹੈ। ਕਲਾ ਦੀ ਜਿਸ ਖੂਬਸੂਰਤੀ ਨਾਲ ਇਹ ਜੀਵਨ-ਸਿਧਾਂਤ ਪੇਸ਼ ਕੀਤਾ ਗਿਆ ਹੈ, ਉਹ ਪਾਠਕ ਦੀ ਸੁਹਜਵਾਦੀ ਰੁਚੀ ਨੂੰ ਪ੍ਰਸੰਨ ਕਰਨ ਵਾਲਾ ਹੈ। ਭਾਸ਼ਾ ਦੀ ਰਵਾਨਗੀ, ਸ਼ੈਲੀ ਦੀ ਸੁਹਿਰਦਤਾ, ਅਲੰਕਾਰ-ਮਾਲਾ ਦਾ ਕੁਦਰਤੀ ਘਰੇਲੂ ਰੰਗ ਤੇ ਵਿਸ਼ਵ ਸਾਂਝ ਦੇ ਵਿਸ਼ੇ-ਵਸਤੂ ਸਭ ਕੁਝ ਹੀ ਆਕਰਸ਼ਕ ਸਾਮਗਰੀ ਹੈ। ਇਸੇ ਕਰਕੇ ਇਸ ਨੂੰ ਜੀਵਨ ਲਈ ਲਾਜ਼ਮੀ ਚੀਜ਼ ਆਖਦਿਆਂ—

'ਇਹ ਵਸਤੁ ਤਜੀ ਨਹ ਜਾਈ, ਨਿਤ ਨਿਤ ਰਖੁ ਉਰਿ ਧਾਰੋ ॥' (੧੪੨੯)

ਦੀ ਤਾਈਦ ਕੀਤੀ ਮਿਲਦੀ ਹੈ।

ਪੰਜਵਾਂ ਨੁਕਤਾ, ਗੁਰੂ ਗ੍ਰੰਥ ਨੂੰ ਕੇਵਲ ਧਰਮ-ਗ੍ਰੰਥ ਨਾ ਮੰਨ ਕੇ 'ਗੁਰੂ-ਰੂਪ' ਮੰਨਣਾ ਸਭ ਤੋਂ ਵਧ ਮਹਾਨ ਤੇ ਬੇ-ਮਿਸਾਲ ਹੈ। ਇਤਿਹਾਸ ਪੜ੍ਹਨ ਤੋਂ ਇਉਂ ਜਾਪਦਾ ਹੈ ਕਿ ਜਿਵੇਂ ਸਿੱਖ ਗੁਰੂਆਂ ਦੀ ਸਾਰੀ ਘਾਲ ਦਾ ਮੰਤਵ ਆਦਿ ਗ੍ਰੰਥ ਤਿਆਰ ਕਰ ਕੇ ਮਨੁੱਖਤਾ ਦੀ ਝੋਲੀ ਹੀਰੇ ਮੋਤੀਆਂ ਨਾਲ ਭਰਪੂਰ ਕਰਨਾ ਸੀ, ਜਦੋਂ ਕਿ ਕੋਈ ਵੀ ਪੀਰ-ਪੈਗ਼ੰਬਰ, ਜਾਂ ਅਵਤਾਰ ਕੋਈ ਧਰਮ ਗ੍ਰੰਥ ਖ਼ੁਦ ਤਿਆਰ ਨਹੀਂ ਕਰ ਗਿਆ। ਸਤਿਗੁਰਾਂ ਇਹ ਕੰਮ ਇਸ ਲਈ ਖ਼ੁਦ ਕੀਤਾ ਕਿ ਇਸ ਨੂੰ 'ਗੁਰੂ' ਥਾਪਣਾ ਹੈ। ਇਸੇ ਕਰਕੇ ਇਸ ਨੂੰ 'ਗੁਰੂ' ਦੀ ਪਦਵੀ ਨਾਲ ਸੁਸ਼ੋਭਿਤ ਕੀਤਾ ਗਿਆ ਤਾਂ ਕਿ ਮਨੁੱਖ ਹਰ ਤਰ੍ਹਾਂ ਦੀ ਸ਼ਖ਼ਸੀ ਗ਼ੁਲਾਮੀ ਤੋਂ ਛੁਟਕਾਰਾ ਪਾ ਸਕੇ। ਆਮ ਤੌਰ ਤੇ ਅਸੀਂ ਰਾਜਸੀ ਗ਼ੁਲਾਮੀ ਤੋਂ ਛੁਟਕਾਰਾ ਤਾਂ ਪਾ ਲੈਂਦੇ ਹਾਂ ਪਰ ਧਾਰਮਿਕ ਦੁਨੀਆ ਵਿਚ ਕਿਸੇ ਨਾ ਕਿਸੇ ਦੀ 'ਦਾਸਤਾਂ' ਪਰਵਾਨ ਕਰਨਾ ਜਾਇਜ਼ ਹੀ ਸਮਝਦੇ ਹਾਂ, ਮਗਰ—'ਸਬਦ ਗੁਰ ਪੀਰਾ ਗਹਿਰ ਗੰਭੀਰਾ' (੬੩੫)

ਜਾਂ— 'ਬਾਣੀ ਗੁਰੂ, ਗੁਰੂ ਹੈ ਬਾਣੀ' (੯੮੨)

ਦਾ ਹੋਕਾ ਦੇਣ ਵਾਲੇ ਗੁਰੂਆਂ ਦਾ ਪੱਕਾ ਇਰਾਦਾ ਸੀ ਕਿ ਆਦਮੀ ਸਿਵਾਇ ਪਰਮੇਸ਼ਰ ਦੇ ਕਿਸੇ ਦਾ ਵੀ ਮੁਥਾਜ ਨਾ ਹੋਵੇ, ਇਸੇ ਲਈ ਇਸ ਨੂੰ ਸ਼ਬਦ ਜਾਂ 'ਬਾਣੀ' ਦਾ ਪੱਲਾ ਪਕੜਾਇਆ ਗਿਆ ਹੈ।

ਸਪੱਸ਼ਟ ਹੈ ਕਿ ਸਿੱਖ ਗੁਰੂਆਂ ਨੇ ਆਦਿ ਗ੍ਰੰਥ ਨੂੰ ਗੁਰੂ ਸਥਾਪਿਤ ਕਰਕੇ ਮਨੁੱਖੀ ਸੁਤੰਤਰਤਾ ਲਈ ਇਕ ਨਵਾਂ ਕਾਰਨਾਮਾ ਕੀਤਾ, ਜਿਸ ਕਾਰਣ ਕਿਸੇ ਜਗਿਆਸੂ ਨੂੰ ਕਿਸੇ ਦੇਹਧਾਰੀ ਦਾ ਤਾਬੇਦਾਰ ਹੋਣ ਦੀ ਲੋੜ ਨਹੀਂ ਰਹਿ ਜਾਂਦੀ ਤੇ ਉਹ ਪ੍ਰਤੱਖ ਗੁਰੂ ਗੁਰਬਾਣੀ ਦੁਆਰਾ ਹੀ ਆਪਣਾ ਉਧਾਰ ਕਰ ਸਕਦਾ ਹੈ। ਧਰਮ ਦੀ ਦੁਨੀਆ ਵਿਚ ਇਹ ਇਕ ਇਨਕਲਾਬੀ ਘਟਨਾ ਹੈ, ਜੋ ਕਿਸੇ ਹੋਰ ਧਰਮ ਦੇ ਇਤਿਹਾਸ ਵਿਚ ਨਹੀਂ ਮਿਲਦੀ।

ਭਾਰਤੀ ਦਰਸ਼ਨ-ਸ਼ਾਸਤ੍ਰੀਆਂ ਨੇ ਸ਼ਬਦ ਨੂੰ 'ਨਿੱਤ' ਜ਼ਰੂਰ ਕਿਹਾ ਹੈ ਜਾਂ ਇਕ ਥਾਂ 'ਸ਼ਬਦ ਬ੍ਰਹਮ' ਦੀ ਕਲਪਨਾ ਵੀ ਕੀਤੀ ਹੈ, ਪਰ ਇਸ ਅਧਿਆਤਮਿਕ ਸ਼ਬਦ ਨੂੰ 'ਗੁਰੂ' ਬਣਾਉਣਾ ਇਹ ਸਿੱਖ ਗੁਰੂਆਂ ਦਾ ਹੀ ਬੌਧਿਕ ਕ੍ਰਿਸ਼ਮਾ ਸੀ। ਦੂਜੇ ਸ਼ਬਦਾਂ ਵਿਚ ਰੂਹਾਨੀ ਸਾਹਿਤ ਨੂੰ 'ਸਤਿਗੁਰੂ' ਮੰਨ ਕੇ ਤੁਰਨਾ ਮਨੁੱਖ ਸੰਸਕ੍ਰਿਤੀ ਦੀ ਇਕ ਨਵੀਂ ਮੰਜ਼ਿਲ ਸੀ। ਪਰ ਇਸ ਦਾ ਗੌਰਵ ਅਜੇ ਤਕ ਪੂਰੀ ਤਰ੍ਹਾਂ ਅਨੁਭਵ ਨਹੀਂ ਕੀਤਾ ਗਿਆ। ਅੱਜ ਦੇ ਪਦਾਰਥਵਾਦੀ ਯੁੱਗ ਵਿਚ ਜਿਸ ਮਨੁੱਖੀ ਏਕਤਾ ਦੀ ਕਲਪਨਾ ਵਿਗਿਆਨ ਕਰਦਾ ਨਹੀਂ ਥੱਕਦਾ, ਉਹ ਖ਼ੁਦਪ੍ਰਸਤੀ ਵਿਚ ਨਹੀਂ, ਖ਼ੁਦਾ-ਪ੍ਰਸਤੀ ਵਿਚ ਹੈ ਅਤੇ ਉਹ ਕੌਮ-ਪ੍ਰਸਤੀ ਦੀ ਕਠੋਰਤਾ ਦੀ ਥਾਂ ਮਾਨਵਵਾਦੀ ਸੁਹਿਰਦਤਾ ਵਿਚ ਹੈ। ਪਦਾਰਥ-


www.AKJ.org

ਵਾਦੀ ਨਵੀਂ ਸੋਚ ਮਨੁੱਖ ਨੂੰ ਰੱਬ ਦੀ ਥਾਂ ਸਟੇਟ ਦੇ ਹਵਾਲੇ ਕਰਦੀ ਹੈ ਤੇ ਸਟੇਟ ਇਕ ਪਾਰਟੀ ਦੀ ਕਠਪੁਤਲੀ ਹੈ, ਜਿਸ ਵਿਚ ਪੱਖਪਾਤ ਤੇ ਹੋਰ ਮੰਦਾ ਅੰਸ਼ ਵੀ ਸ਼ਾਮਲ ਹੈ। ਪਦਾਰਥਵਾਦੀ ਸੰਸਾਰ ਨੂੰ ਇਹ ਧੱਕਾਵਾਦ ਸ਼ਾਂਤੀ ਨਹੀਂ ਦੇ ਸਕਦਾ। ਸੋ ਇਸ ਐਟਮਵਾਦੀ ਯੁੱਗ ਵਾ ਉਧਾਰ ਪਰਮੇਸ਼ਰ ਦੇ 'ਨਾਮ ਦਾਰੂ' ਨਾਲ ਹੀ ਸੰਭਵ ਹੈ ਤੇ ਇਹ 'ਨਾਮ ਦਾ ਖ਼ਜ਼ਾਨਾ' ਆਦਿ ਗੁਰੂ ਗ੍ਰੰਥ ਹੈ। ਤੇ ਇਸ ਵੱਲ ਯੁੱਗ ਦਾ ਧਿਆਨ ਦਿਵਾਉਣਾ ਬਹੁਤ ਜ਼ਰੂਰੀ ਹੈ।

ਸੰਸਾਰ ਪ੍ਰਸਿਧ ਇਤਿਹਾਸਕਾਰ ਅਰਨਾਲਡ ਟੌਨਿਬੀ ਨੇ ਇਹੋ ਗੱਲ ਦੁਹਰਾਈ ਹੈ ਕਿ ਆਦਿ ਗ੍ਰੰਥ ਵਿਚ ਅਟੱਲ ਸੱਚ ਦਾ ਵਰਣਨ ਹੈ, ਜੋ ਕਿ ਹਰ ਯੁੱਗ ਤੇ ਹਰ ਮਤ ਲਈ ਲੋੜੀਂਦੜਾ ਹੈ। ਸਿੱਖਾਂ ਨੇ ਗ੍ਰੰਥ ਨੂੰ ਗੁਰੂ ਮੰਨ ਕੇ ਸਭ ਕਿਸਮ ਦੀ ਵਿਅਕਤੀਗਤ ਦਾਸਤਾਂ ਦਾ ਭੋਗ ਪਾ ਦਿੱਤਾ ਹੈ। ਜੇਕਰ ਦੁਨੀਆ ਮੁਕਣ ਤੇ ਹੀ ਆਈ ਤਾਂ ਰੂਹਾਨੀ ਸ਼ਬਦ ਦਾ ਝੰਡਾ ਸਦਾ ਝੂਲਦਾਂ ਰਹੇਗਾ ਤੇ ਇਸ ਝੰਡੇ ਹੇਠ ਆਉਣ ਵਾਲੇ ਅਮਰ ਰਹਿ ਸਕਣਗੇ। ਇਹ ਭਵਿਸ਼ਬਾਣੀ ਬੜੀ ਅਰਥ ਭਰਪੂਰ ਹੈ, ਸੰਸਾਰ ਦੇ ਕਰਮਕਾਂਡ ਤੇ ਰਹੁਰੀਤਾਂ ਤਾਂ ਸਦਾ ਹੀ ਮਿਟਦੀਆਂ ਬਣਦੀਆਂ ਆਈਆਂ ਹਨ, ਪਰ ਜ਼ਿੰਦਗੀ ਦਾ ਅਮਰ ਸਿਧਾਂਤ ਜੁਗ ਜੁਗ ਅਟੱਲ ਹੈ ਤੇ ਉਹੋ ਗੁਰੂ ਗ੍ਰੰਥ ਦਾ ਪਰਮ ਧਰਮ ਹੈ, ਸੱਚ ਦਾ ਧਰਮ ਸਚ ਵਿਚ ਵਿਸ਼ਵਾਸ ਰੱਖਣ ਦਾ ਅਟੱਲ ਧਰਮ ਤੇ ਇਹੋ ਸੱਚ ਸਾਰੇ ਰੋਗਾਂ ਦਾ ਇਲਾਜ ਹੈ, ਜਿਸ ਤੋਂ ਨਵੀਂ 'ਸੰਸਕ੍ਰਿਤੀ' ਸਖਣੀ ਹੈ ਤੇ ਇਹ ਗੁਰੂ ਗ੍ਰੰਥ ਪੂਰੀ ਕਰਦਾ ਹੈ—

> "ਇਕੋ ਧਰਮੁ, ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥" (੧੧੮੮)
>
> ਜਾਂ "ਸਚੁ ਸਭਨਾ ਹੋਇ ਦਾਰੂ, ਪਾਪ ਕਢੈ ਧੋਇ॥
> ਨਾਨਕੁ ਵਖਾਣੈ ਬੇਨਤੀ, ਜਿਨ ਸਚੁ ਪਲੈ ਹੋਇ॥"(੪੬੮)

ਭਗਤੀ ਲਹਿਰ ਦੇ ਜ਼ਮਾਨੇ ਜੋ ਨਵੀਂ ਵਿਚਾਰਧਾਰਾ ਸੰਤ, ਭਗਤ, ਦਰਵੇਸ਼ ਫ਼ਕੀਰ ਮੰਥਨ ਕਰ ਕੇ ਦੱਸ ਰਹੇ ਸਨ, ਉਹਨਾਂ ਵਿਚ ਇਕ ਅਨੋਖੀ ਸਾਂਝ ਸੀ ਤੇ ਬਹੁਤੇ ਮਾਮਲਿਆਂ ਤੇ ਇਕ ਰਾਇ ਸਨ, ਜਿਵੇਂ ਕਿ—

(੧) ਪਰਮੇਸ਼ਰ ਇਕ ਹੈ ਤੇ ਉਹੋ ਪੂਜਣ ਯੋਗ ਹੈ।

(੨) ਗਿਆਨ ਯੋਗ ਤੇ ਕਰਮ ਯੋਗ ਨਾਲੋਂ ਉਸ ਦੀ ਪ੍ਰਾਪਤੀ ਦਾ ਪੰਧ ਪ੍ਰੇਮਾ ਭਗਤੀ ਹੈ।

(੩) ਇਸ ਪਰਮਾਰਥ ਦੇ ਮਾਰਗ ਤੇ ਚਲਣ ਲਈ ਗੁਰੂ ਦੀ ਅਗਵਾਈ ਜ਼ਰੂਰੀ ਹੈ।

(੪) ਸਾਧੂਆਂ ਦੀ ਸੰਗਤ ਯਾ 'ਸਤਿਸੰਗ' ਸਹਾਇਕ ਸਾਧਨ ਹੈ।

(੫) ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਔਗੁਣ ਤਿਆਗ ਕੇ ਸਤ, ਸੰਤੋਖ, ਧੀਰਜ, ਦਯਾ, ਨਿੰਮ੍ਰਤਾ ਆਦਿ ਗੁਣ ਧਾਰਨੇ ਜ਼ਰੂਰੀ ਹਨ।

(੬) ਭਗਤੀ ਦਾ ਅਸਲ ਤਰੀਕਾ ਨਾਮ ਸਿਮਰਨ ਹੈ, ਜੋ ਸਤਿਸੰਗੀਆਂ ਨਾਲ ਮਿਲ ਕੇ ਕੀਰਤਨ ਰਾਹੀਂ ਵੀ ਹੋ ਸਕਦਾ ਹੈ, ਏਕਾਂਤ ਭਜਨ ਰਾਹੀਂ ਵੀ।

(੭) ਸੰਸਾਰ ਦੇ ਭੋਗ ਬਿਲਾਸੀ ਪਦਾਰਥ ਚਲਾਇਮਾਨ ਹਨ, ਇਸ ਲਈ ਇਹਨਾਂ ਦੀ ਪਕੜ ਰੱਖਣਾ ਠੀਕ ਨਹੀਂ, ਵੈਰਾਗ ਤਿਆਗ ਜ਼ਰੂਰੀ ਹੈ।

(੮) ਨਾਮ ਸਿਮਰਨ ਦੇ ਨਾਲ ਨਾਲ ਕਿਰਤ ਕਰਕੇ ਵੰਡ ਛਕਣ ਦਾ ਧਾਰਨੀ ਹੋਣਾ ਵੀ ਜ਼ਰੂਰੀ ਹੈ। ਕਿਰਤ ਦਾ ਤਿਆਗ ਨਹੀਂ ਕਰਨਾ, ਬਦੀ ਦਾ ਤਿਆਗ ਕਰਨਾ ਹੈ।

(੯) ਵੇਦ ਕਤੇਬ ਦੇ ਕਰਮਕਾਂਡ ਤੇ ਸ਼ਰ੍ਹਾ ਸ਼ਰੀਅਤ ਸਾਰਥਕ ਨਹੀਂ, ਕੇਵਲ ਪ੍ਰੇਮਾ ਭਗਤੀ ਤੇ ਉਚ ਅਚਾਰ ਹੀ ਸਹੀ ਮਾਰਗ ਹੈ।

(੧੦) ਪਰ ਇਹ ਸਭ ਕੁਝ ਕਰ ਕਰਾ ਕੇ ਵੀ ਮੁਕਤੀ, ਆਤਮ ਕਲਿਆਣ ਜਾਂ ਪ੍ਰਮਾਰਥਕ ਪ੍ਰਾਪਤੀ ਉਸ ਦੀ ਕ੍ਰਿਪਾਲਤਾ (ਨਦਰਿ ਕਰਮ) ਦਾ ਫਲ ਹੈ। ਇਸ ਕਰਕੇ ਸੱਚਾ ਜਗਿਆਸੂ ਆਪਣੀ ਸਾਧਨਾ ਤੇ ਮਾਣ ਨਾ ਕਰਦਾ ਹੋਇਆ ਪ੍ਰਭੂ ਅੱਗੇ ਆਤਮ ਸਮਰਪਣ ਕਰਕੇ ਉਸ ਦੇ ਭਾਣੇ ਵਿਚ ਚਲਣਾ ਹੀ ਆਪਣਾ 'ਜੀਵਨ-ਕਰਤੱਵ' ਸਮਝਦਾ ਹੈ।

ਇਸੇ ਵਿਚਾਰਧਾਰਾ ਨੂੰ ਦੱਸਣ ਵਾਲਾ ਆਦਿ ਗੁਰੂ ਗ੍ਰੰਥ ਸਾਹਿਬ, ਨਵੇਂ ਯੁੱਗ ਦਾ ਧਰਮ ਗ੍ਰੰਥ ਹੈ, ਜਿਸ ਤੋਂ ਨਵੇਂ ਯੁੱਗ ਦੀ ਸੰਸਕ੍ਰਿਤੀ ਵੀ ਕਈ ਸਬਕ ਲੈ ਸਕਦੀ ਹੈ।



www.AKJ.Org

ਸਰਬ ਸਾਂਝਾ ਗ੍ਰੰਥ

# ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

[ ਪ੍ਰਿੰਸੀਪਲ ਨਾਹਰ ਸਿੰਘ ਜੀ (ਗਰੇਵਾਲ) ]

''ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥''

[ ਸੋਰਠਿ ਮ: ੫, ਪੰਨਾ ੬੨੮

ਦਸ ਸਤਿਗੁਰਾਂ ਨੇ ਪਰਮ ਪੁਰਖਾਂ ਤੋਂ ਸੰਪੂਰਨ ਮਾਨਵਾਂ ਦੇ ਸਰੂਪ ਵਿਚ, ਕਲਯੁਗੀ ਜੀਵਾਂ ਦੇ ਉਧਾਰ ਹਿਤ ਦਸਾਂ ਜਾਮਿਆਂ ਵਿਚ ਪ੍ਰਕਾਸ਼ਵਾਨ ਹੋ ਕੇ, ਪਰਮਾਤਮਾ ਨਾਲ ਇਕ-ਸੁਰ ਹੋ ਕੇ ਪਾਵਨ ਬਾਣੀ ਦੀ ਰਚਨਾ ਕੀਤੀ, ਤਾਂ ਜੁ ਸਦੀਵਕਾਲ ਪ੍ਰਾਣੀ ਮਾਤਰ ਦੀ ਕਲਿਆਣ ਦਾ ਸੋਮਾ ਨਿਰੰਤਰ ਵਗਦਾ ਰਹੇ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਨੂੰ ਇਕ ਬੀੜ ਵਿਚ ਇਕੱਤਰ ਕਰਕੇ ਜਗਤ ਜਲੰਦੇ ਉਤੇ ਮਹਾਨ ਪਰਉਪਕਾਰ ਕੀਤਾ । ਦਸਵੇਂ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ 'ਧੁਰ ਕੀ ਬਾਣੀ', 'ਖਸਮ ਕੀ ਬਾਣੀ', 'ਬਾਣੀਆਂ ਸਿਰ ਬਾਣੀ', 'ਸੱਚੀ ਬਾਣੀ', 'ਸਾਚੀ ਬਾਣੀ' ਨੂੰ ਰੱਬੀ ਹੁਕਮ ਅਨੁਸਾਰ ੪ ਅਕਤੂਬਰ ੧੭੦੮ ਈਸਵੀ ਮੁਤਾਬਿਕ ਕਤਕ ਸੁਦੀ ੨ ਸੰਮਤ ੧੭੬੫ ਵਿਚ ਸ੍ਰੀ ਹਜ਼ੂਰ ਸਾਹਿਬ ਵਿਖੇ ਗੁਰਤਾ ਬਖਸ਼ੀ—

''ਗੁਰੂ ਗ੍ਰੰਥ ਜੀ ਮਾਨਿਉ, ਪ੍ਰਗਟ ਗੁਰਾਂ ਕੀ ਦੇਹ ॥''

ਗੁਰਬਾਣੀ ਜੀਵਨ-ਦਾਤੀ ਹੈ । ਇਸ ਨੂੰ ਪੜ੍ਹਿਆਂ, ਸੁਣਿਆਂ, ਵਿਚਾਰਿਆਂ, ਮੰਨਿਆਂ, ਮਾਣਿਆਂ, ਧਿਆਇਆਂ, ਕਮਾਇਆਂ ਅਤੇ ਮਨ ਵਿਚ ਵਸਾਇਆਂ, ਸਰਬ ਦਾਤਾਂ ਦੀ ਪ੍ਰਾਪਤੀ ਹੁੰਦੀ ਹੈ । ਮਨ ਅੰਦਰ ਵੱਸੀ ਹੋਈ ਬਾਣੀ ਨਿਤਾਪ੍ਰਤੀ ਦੇ ਜੀਵਨ ਵਿਚ ਸਾਡੇ ਕੰਮਾਂ ਕਾਜਾਂ, ਬਚਨਾਂ, ਵਿਚਾਰਾਂ, ਅਮਲਾਂ ਅਤੇ ਫੁਰਨਿਆਂ ਨੂੰ ਸੁਚੱਜੀ ਸੇਧ ਦੇ ਕੇ ਜੀਵਨ ਸਫਲਾ ਕਰਨ ਵਿਚ ਸਹਾਈ ਹੁੰਦੀ ਹੈ ।

ਇਸ ਬਾਣੀ ਦੇ ਅੰਦਰ ਪ੍ਰਭੂ ਦਾ ਨਾਮ ਸਮੋਇਆ ਹੋਇਆ ਹੈ । ਜਿਹੜਾ ਪ੍ਰਾਣੀ ਵੀ ਇਸ ਬਾਣੀ ਨਾਲ ਇਕ-ਸੁਰ ਹੋ ਕੇ, ਹਿਰਦਿਓਂ ਇਸ ਦਾ ਪਠਨ ਕਰਦਾ ਹੈ, ਉਸ ਨੂੰ ਇਹ ਬਾਣੀ ਕਰਤਾਰ ਦੇ ਨਾਮ ਨਾਲ ਜੋੜ ਦੇਂਦੀ ਹੈ । ਇਸ ਦੀ ਗਵਾਹੀ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਇਉਂ ਮਿਲਦੀ ਹੈ—

ਇਹ ਬਾਣੀ ਜੋ ਜੀਅਹੁ ਜਾਣੈ, ਤਿਸੁ ਅੰਤਰਿ ਰਵੈ ਹਰਿ ਨਾਮਾ ॥ਰਹਾਉ॥(੭੯੭—੫੮)

ਅਤੇ ਫਿਰ ਹੋਰ ਥਾਂ ਗੁਰ-ਫੁਰਮਾਨ ਹੈ—

ਗੁਰਬਾਣੀ ਵਰਤੀ ਜਗ ਅੰਤਰਿ, ਇਸ ਬਾਣੀ ਤੇ ਹਰਿ ਨਾਮੁ ਪਇਦਾ ॥੩॥ (੧੦੬੬)

ਇਹ ਗੱਲ ਚੰਗੀ ਤਰ੍ਹਾਂ ਸਾਬਤ ਹੋ ਚੁੱਕੀ ਹੈ ਕਿ ਗੁਰੂ ਸਾਹਿਬਾਨ ਆਪੋ ਆਪਣੀ ਬਾਣੀ ਲਿਖ ਕੇ, ਸੰਭਾਲ ਕੇ, ਸਣੇ ਆਪਣੇ ਤੋਂ ਪਹਿਲੇ ਸਤਿਗੁਰਾਂ ਦੀ ਬਾਣੀ ਦੇ, ਗੁਰਿਆਈ ਬਖਸ਼ਣ ਵੇਲੇ ਆਪਣੇ ਗੱਦੀ-ਨਸ਼ੀਨ ਨੂੰ ਦਿੰਦੇ ਰਹੇ । ਪਹਿਲ ਚਾਰ ਸਤਿਗੁਰਾਂ ਦੀ ਬਾਣੀ ਦੀਆਂ ਪੋਥੀਆਂ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੜੇ ਕਠਨ ਜਤਨਾਂ, ਉੱਦਮ, ਲਗਨ ਤੇ ਸਤਿਕਾਰ ਸਹਿਤ ਬਾਬਾ ਮੋਹਣ ਜੀ ਪਾਸੋਂ, ਗੋਇੰਦਵਾਲ ਤੋਂ ਪ੍ਰਾਪਤ ਕੀਤੀਆਂ । ਭਗਤਾਂ ਦੀ ਬਾਣੀ ਵੀ ਸਤਿਗੁਰਾਂ ਦੀ ਅਪਾਰ ਕਿਰਪਾ-ਦ੍ਰਿਸ਼ਟੀ ਸਹਿਤ ਇਕੱਤਰ ਹੋ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਪੁੱਜ ਗਈ ਸੀ, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਰੇਕ ਰਾਗ ਵਿਚ ਗੁਰੂ ਸਾਹਿਬਾਨ ਦੀ ਬਾਣੀ ਤੋਂ ਮਗਰੋਂ ਦਰਜ ਕੀਤਾ ਗਿਆ । ਸਾਰੀ ਬਾਣੀ ਨੂੰ ਇਕ ਬੀੜ ਵਿਚ ਦਰਜ ਕਰਨ ਦੀ ਵਿਉਂਤ ੧੬੦੦ ਈਸਵੀ, ਸੰਮਤ ੧੬੫੭ ਬਿ: ਵਿਚ ਬਣਾਈ ਗਈ ।

ਮਹਾਰਾਜ ਜੀ ਨੇ ਸਾਰੀ ਬਾਣੀ ਖ਼ਾਸ ਲਗ-ਮਾਤ੍ਰੀ ਸੰਕੇਤ ਦੇ ਕੇ ਨਿਯਮ-ਬਧ ਕੀਤੀ । ਇਹਨਾਂ ਨਿਯਮਾਂ ਵਿਚ ਗੁਰਬਾਣੀ ਦਾ ਵਿਆਕਰਣ ਗੁੰਫਤ ਹੈ । ਇਨ੍ਹਾਂ ਨੂੰ ਸਮਝੇ ਬਿਨਾਂ ਗੁਰਬਾਣੀ ਦੇ ਅਰਥ-ਭਾਵ ਵਿਚ ਸਹੀ ਤੌਰ ਤੇ ਲੀਨ ਨਹੀਂ ਹੋਇਆ ਜਾ ਸਕਦਾ ।



www.AKJ.Org

ਇਸ ਬੀੜ ਦੇ ਪਹਿਲੇ ਲਿਖਾਰੀ ਗੁਰੂ-ਘਰ ਦੇ ਅਨਿੰਨ ਸੇਵਕ, ਮਹਾਨ ਵਿਦਵਾਨ ਤੇ ਸੋਝੀਵਾਨ ਭਾਈ ਗੁਰਦਾਸ ਜੀ ਸਨ। ਇਸ ਗ੍ਰੰਥ ਦਾ ਨਾਮ 'ਪੋਥੀ ਸਾਹਿਬ' ਰੱਖਿਆ। ਇਸ ਦਾ ਆਰੰਭ ਮੂਲ ਮੰਤਰ ਤੋਂ ਕੀਤਾ ਗਿਆ। ਇਸ ਬੀੜ ਵਿਚ, ਜੋ ੧੬੦੧–੧੬੦੪ ਈਸਵੀ ਦਰਮਿਆਨ ਲਿਖਾਈ ਗਈ, ਕੁਲ ਸ਼ਬਦਾਂ, ਸ਼ਲੋਕਾਂ ਤੇ ਪੌੜੀਆਂ ਆਦਿ ਦੀ ਸੰਖਿਆ ੫੭੬੬ ਹੈ, ਜੋ ੩੦ ਰਾਗਾਂ ਵਿਚ ਵੰਡੀ ਹੋਈ ਹੈ। ਜੋ ਬੀੜ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਨੁਭਵਾਂ ਤੋਂ ਮੌਖਕ ਤੌਰ ਤੇ ੧੭੦੫–੧੭੦੬ ਵਿਚ ਦਮਦਮਾ ਸਾਹਿਬ ਵਿਖੇ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ, ਉਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵੀ ਚੜ੍ਹਾ ਦਿੱਤੀ ਗਈ। ਪਦਾਂ, ਸ਼ਬਦਾਂ, ਸਲੋਕਾਂ, ਛੰਤਾਂ ਤੇ ਪੌੜੀਆਂ ਦੀ ਗਿਣਤੀ ੫੮੭੧ ਹੋ ਗਈ। ਰਾਗਾਂ ਵਿਚ ਨੌਵੇਂ ਪਾਤਸ਼ਾਹ ਜੀ ਦੇ ਜੈਜਾਵੰਤੀ ਰਾਗ ਦੀ ਬਾਣੀ ਦਰਜ ਹੋਣ ਸਦਕਾ ਇਕ ਰਾਗ ਦਾ ਵਾਧਾ ਹੋ ਗਿਆ। ਇਹ ਬੀੜ ਦਮਦਮੀ ਬੀੜ ਅਖਵਾਉਂਦੀ ਹੈ, ਜੋ ਜੁਗੋ ਜੁਗ ਅਟੱਲ ਗੁਰੂ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਵਿਚ ਸਤਿਗੁਰੂ ਅਰਜਨ ਦੇਵ ਜੀ ਨੇ ਸੰਪਾਦਕੀ ਕਲਾ ਦੀ ਕਮਾਲ ਕਰ ਦਿੱਤੀ। ਵਰਤਮਾਨ ਸੰਪਾਦਨ ਕਲਾ, ਜੋ ਅਨੇਕ ਸਹੂਲਤਾਂ ਤੇ ਕਾਢਾਂ ਸਦਕਾ ਸਿਖਰ ਤੇ ਪੁੱਜ ਚੁੱਕੀ ਹੈ, ਸਤਿਗੁਰਾਂ ਦੀ ਪਰਮ ਕਲਾ ਤੇ ਸਾਹਮਣੇ ਪੀਲੀ ਤੇ ਪਿੱਲੀ ਪੈ ਜਾਂਦੀ ਹੈ। ਸਤਿਗੁਰਾਂ ਨੇ ਸਾਰੀ ਬਾਣੀ ਨੂੰ ਰਾਗਾਂ ਵਿਚ ਵੰਡਿਆ। ਹਰ ਰਾਗ ਵਿਚ ਪਹਿਲਾਂ ਸ਼ਬਦ, ਫਿਰ ਅਸ਼ਟਪਦੀਆਂ, ਛੰਤ, ਵਾਰਾਂ ਅਤੇ ਬਾਅਦ ਵਿਚ ਭਗਤ ਬਾਣੀ ਕਰਮਵਾਰ ਦਰਜ ਹਨ। ੩੧ ਰਾਗਾਂ ਤੋਂ ਬਾਅਦ ਸਹਸਕ੍ਰਿਤੀ ਸਲੋਕ, ਸਲੋਕ ਕਬੀਰ ਤੇ ਫਰੀਦ ਆਦਿ, ਫਿਰ ਭਟਾਂ ਦੇ ਸਵਈਏ ਅਤੇ ਬਾਅਦ ਵਿਚ ਵਾਰਾਂ ਤੋਂ ਵਧੀਕ ਸਲੋਕ ਦੇ ਕੇ ਮੁੰਦਾਵਣੀ ਲਿਖ ਕੇ ਬਾਣੀ ਨੂੰ ਮੁੰਦ ਦਿਤਾ ਹੈ।

ਪੰਜਾਬੀ ਦੇ ਸਾਰੇ ਕਾਵਿ ਰੂਪਾਂ ਦੀ ਵਰਤੋਂ ਬੜੇ ਸੁਚੱਜੇ ਢੰਗ ਨਾਲ ਕੀਤੀ ਹੈ। ਹਰ ਕਾਵਿ-ਰੂਪ ਵਿਚ ਪਹਿਲ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਦਿੱਤੀ। ਫਿਰ ਦੂਜੇ, ਤੀਜੇ, ਚੌਥੇ, ਪੰਜਵੇਂ ਤੇ ਨਾਵੇਂ ਮਹਲੇ ਦੀ ਬਾਣੀ ਨੂੰ ਕਾਵਿ ਰੂਪ ਦੇ ਅਨੁਸਾਰ ਤਰਤੀਬ ਦਿੱਤੀ ਗਈ। ਵਡੀ ਕਮਾਲ ਦੀ ਗੱਲ ਇਹ ਹੈ ਕਿ ਸਤਿਗੁਰਾਂ ਨੇ ਨਾਲ ਨਾਲ ਸ਼ਬਦਾਂ ਆਦਿ ਦੀ ਗਿਣਤੀ ਲਈ ਬੜਾ ਸੁਲਝਿਆ ਹੋਇਆ ਅੰਕ-ਵਿਧਾਨ ਰਖ ਦਿਤਾ ਹੈ, ਤਾਂ ਜੁ ਗੁਰਬਾਣੀ ਵਿਚ ਵਾਧਾ ਘਾਟਾ ਨਾ ਹੋ ਸਕੇ, ਰਲਾ ਮੁਲੰਮਾ ਨਾ ਪੈ ਜਾਵੇ ਅਤੇ ਸ਼ੁੱਧ ਬਾਣੀ ਦਾ ਸੋਮਾ ਜੁਗੋ ਜੁਗ ਵਗਦਾ ਰਹੇ। ਇਸੇ ਤਰ੍ਹਾਂ ਹਰ ਰਾਗ ਵਿਚ ਭਗਤਾਂ ਦੀ ਬਾਣੀ ਦਰਜ ਕਰਨ ਲਗਿਆਂ ਭਗਤ ਕਬੀਰ ਜੀ ਨੂੰ ਪਹਿਲ ਦੇ ਕੇ ਬਾਕੀ ਭਗਤਾਂ ਦੀ ਬਾਣੀ ਵੀ ਖਾਸ ਤਰਤੀਬ ਵਿਚ ਹੀ ਥਾਂ ਪਰ ਥਾਂ ਦਰਜ ਕੀਤੀ ਗਈ।

ਸਾਰੀ ਬਾਣੀ ਨੂੰ ਇਕ ਬੀੜ ਵਿਚ ਇਕਠੀ ਕਰਨ ਤੋਂ ਇਕ ਹੋਰ ਇਹ ਵੀ ਭਾਵ ਸੀ ਕਿ ਕਈ ਹੋਰ ਹੋਰ ਕਵੀ ਕਵਿਤਾ ਰਚ ਕੇ ਅੰਤਲੀ ਤੁਕ ਵਿਚ ਗੁਰੂ ਸਾਹਿਬਾਨ ਵਾਂਗ, 'ਨਾਨਕ' ਨਾਮ ਲਿਖਣ ਲਗ ਪਏ ਸਨ। ਸੰਭਵ ਸੀ ਕਿ ਅਗਲੀਆਂ ਪੀੜ੍ਹੀਆਂ ਜਾਂ ਜਨ-ਸਧਾਰਨ ਨੂੰ 'ਅਸਲੀ ਤੇ ਨਕਲੀ' ਜਾਂ 'ਪੱਕੀ ਤੇ ਕੱਚੀ' ਬਾਣੀ ਦੀ ਪਰਖ, ਪਛਾਣ ਨਾ ਹੋ ਸਕਦੀ। ਸੋ ਸਤਿਗੁਰਾਂ ਨੇ ਇਹ ਸ਼ਲਾਘਾ-ਯੋਗ ਉੱਦਮ ਕੀਤਾ। ਹੁਣ ਇਹ ਅਕਾਲੀ ਬਾਣੀ ਅਸਲੀ ਰੂਪ ਵਿਚ ਸਾਨੂੰ ਮਿਲ ਗਈ ਹੈ। ਸੰਸਾਰ ਦੇ ਕਿਸੇ ਵੀ ਧਾਰਮਿਕ ਅਵਤਾਰ ਜਾਂ ਪੈਗੰਬਰ ਦੇ ਮੁਖਾਰਬਿੰਦ ਤੋਂ ਉਚਰੇ ਹੋਏ ਬਚਨ, ਅਸਲੀ ਰੂਪ ਵਿਚ ਜਨਤਾ ਤੱਕ ਨਹੀਂ ਪਹੁੰਚੇ। ਜੋ ਕੁਝ ਸਮੱਗਰੀ, ਉਹਨਾਂ ਦੇ ਉਪਦੇਸ਼ਾਂ ਤੇ ਸਿਖਿਆਵਾਂ ਦੇ ਰੂਪ ਵਿਚ ਮਿਲਦੀ ਹੈ, ਉਹ ਉਹਨਾਂ ਦੇ ਪ੍ਰੇਮੀ ਪੈਰੋਕਾਰਾਂ, ਸ਼ਰਧਾਲੂ ਵਿਦਵਾਨਾਂ, ਗਿਆਨੀਆਂ ਤੇ ਅਨੁਭਵੀ ਭਗਤਾਂ, ਸੰਤਾਂ ਦੇ ਉਦਮ ਦੀ ਸੁਕ੍ਰਿਤ ਹੈ। ਪਰ ਸਤਿਗੁਰੂ ਜੀ ਪ੍ਰਾਣੀ ਮਾਤਰ ਦੀਆਂ ਆਤਮਕ ਤੇ ਪ੍ਰਮਾਰਥਕ ਲੋੜਾਂ ਤੇ ਜਿੱਕਾਂ ਨੂੰ ਅਨੁਭਵ ਕਰਦੇ ਸਨ, ਜੋ ਆਪ ਇਹ ਬੋਹਿਥ ਰਚ ਕੇ ਭਵਸਾਗਰ ਤੋਂ ਤਰਨ ਲਈ, ਸੜਦੀ ਬਲਦੀ ਲੁਕਾਈ ਨੂੰ ਬਖਸ਼ਿਸ਼ ਕਰ ਗਏ। ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ, ਅਸੀਂ ਉਨ੍ਹਾਂ ਦੇ ਰਿਣੀ ਹਾਂ।

ਸੰਸਾਰ ਦੇ ਬਾਕੀ ਸਤਿਕਾਰਯੋਗ ਧਰਮ ਗ੍ਰੰਥ ਇਕ ਪਰਮ ਪੁਰਖ ਜਾਂ ਅਵਤਾਰ ਦੇ ਜੀਵਨ ਦੇ ਅਨੁਭਵਾਂ, ਪਵਿੱਤਰ ਬਚਨਾਂ, ਵਿਚਾਰਾਂ ਦੀ ਸਾਮਗਰੀ ਹਨ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗਿਆਰਵੀਂ ਸਦੀ ਤੋਂ ਲੈ ਕੇ



www.AKJ.Org

ਸਤਾਰ੍ਹਵੀ ਸਦੀ ਤੱਕ ਦੇ ਸੰਤਾਂ, ਭਗਤਾਂ, ਪਿਆਰਿਆਂ, ਸਚਿਆਰਿਆਂ, ਫ਼ਕੀਰਾਂ ਅਤੇ ਸਤਿਗੁਰਾਂ ਦੇ ਅਮਲੀ, ਕਮਾਏ ਹੋਏ, ਰੱਬੀ ਤੇ ਈਸ਼ਵਰੀ ਬਚਨਾਂ, ਵਿਚਾਰਾਂ, ਕਮਾਈਆਂ ਤੇ ਤਜਰਬਿਆਂ ਦਾ ਸੰਗ੍ਰਹਿ ਹੈ। ਇਹਨਾਂ ਮਹਾਂ ਪੁਰਸ਼ਾਂ ਨੇ ਕਈ ਰਾਜ-ਪਲਟੇ, ਕਈ ਸਿਆਸੀ, ਸਮਾਜਕ ਤੇ ਧਾਰਮਿਕ ਇਨਕਲਾਬ ਵੇਖੇ, ਜਿਨ੍ਹਾਂ ਵਲ ਸੰਕੇਤ ਬਾਣੀ ਵਿਚ ਮਿਲਦੇ ਹਨ। ਇਹ ਭਗਤ ਭਾਰਤ ਦੇ ਵੱਖ ਵੱਖ ਹਿੱਸਿਆਂ, ਭਾਵ—ਪੰਜਾਬ, ਸਿੰਧ, ਲਖਨਊ, ਬਨਾਰਸ, ਬੰਗਾਲ, ਮਹਾਰਾਸ਼ਟਰ, ਗੁਜਰਾਤ ਅਤੇ ਰਾਜਿਸਥਾਨ ਦੇ ਜੰਮ-ਪਲ ਜਾਂ ਵਸਨੀਕ ਸਨ। ਇਹਨਾਂ ਵਿਚ ਹਿੰਦੂ, ਬ੍ਰਾਹਮਣ, ਖੱਤਰੀ, ਜੱਟ, ਨਾਈ, ਛੀਬੇ, ਚਮਾਰ ਅਤੇ ਮੁਸਲਮਾਨ, ਕਸਾਈ, ਜੁਲਾਹੇ, ਸ਼ੇਖ, ਤੇ ਸੂਫੀ ਆਦਿ ਸ਼ਾਮਲ ਸਨ। ਭਗਤਾਂ ਦਾ ਵੇਰਵਾ ਇਉਂ ਹੈ—

ਕਬੀਰ ਜੀ, ਫ਼ਰੀਦ ਜੀ, ਸਧਨਾ ਜੀ, ਭੀਖਣ ਜੀ, ਸਤਾ ਬਲਵੰਡ ਜੀ, ਨਾਮਦੇਵ ਜੀ, ਰਵਿਦਾਸ ਜੀ, ਤ੍ਰਿਲੋਚਨ ਜੀ, ਧੰਨਾ ਜੀ, ਬੇਣੀ ਜੀ, ਜੈਦੇਵ ਜੀ, ਸੈਣ ਜੀ, ਪੀਪਾ ਜੀ, ਰਾਮਾਨੰਦ ਜੀ, ਪਰਮਾਨੰਦ ਜੀ, ਸੂਰਦਾਸ ਜੀ।

ਇਹਨਾਂ ਤੋਂ ਬਿਨਾਂ ੧੧ ਭੱਟਾਂ ਦੀ ਬਾਣੀ ਅੰਤ ਵਿਚ ਦਰਜ ਹੈ, ਇਹ ਸਾਰੇ ਬ੍ਰਾਹਮਣ ਸਨ। ਇਹਨਾਂ ਦੇ ਨਾਮ ਇਸ ਪਰਕਾਰ ਸਨ :—

(੧) ਕੱਲਸਹਾਰ (ਕਲ੍ਯ ਤੇ ਟਲ੍ਯ ਵੀ ਇਹੋ ਹੈ), (੨) ਜਾਲਪ (ਜਲ੍ਯ), (੩) ਕੀਰਤ, (੪) ਭਿੱਖਾ, (੫) ਸਲ੍ਯ, (੬) ਭਲ੍ਯ, (੭) ਨਲ੍ਯ, (੮) ਗਯੰਦ, (੯) ਮਥੁਰਾ, (੧੦) ਬਲ੍ਯ, ਅਤੇ (੧੧) ਹਰਿਬੰਸ। ਇਹਨਾਂ ਦੇ ਉਚਾਰਨ ਕੀਤੇ ਹੋਏ ਸਵਈਏ ੧੨੩ ਹਨ। ਇਹਨਾਂ ਤੋਂ ਪਹਿਲਾਂ ਸ੍ਰੀ ਮੁਖਵਾਕ ਸਵਈਏ ੨੦ ਹਨ। ਕੁਲ ਜੋੜ ੧੪੩ ਹੈ।

ਬਾਬਾ ਸੁੰਦਰ ਜੀ, ਜੋ ਸ੍ਰੀ ਗੁਰੂ ਅਮਰਦਾਸ ਜੀ ਦੇ ਪੜਪੋਤੇ ਸਨ, ਦੀ ਬਾਣੀ 'ਰਾਮਕਲੀ ਸਦ' ਵਿਚ ੬ ਪਦੇ ਹਨ। ਇਸ ਵਿਚ ਗੁਰੂ ਅਮਰਦਾਸ ਜੀ ਦੇ ਅੰਤਮ ਸਮੇਂ ਦਾ ਉਪਦੇਸ਼ ਹੈ।

ਛੇ ਗੁਰੂ ਸਾਹਿਬਾਨ ਦੇ ਸ਼ਬਦਾਂ ਸਲੋਕਾਂ ਆਦਿ ਦੀ ਗਿਣਤੀ ਇਸ ਪ੍ਰਕਾਰ ਹੈ—ਪਹਿਲੇ ੯੭੪, ਦੂਜੇ ੬੨, ਤੀਜੇ ੯੦੭, ਚੌਥੇ ੬੭੯, ਪੰਜਵੇਂ ੨੨੧੬, ਨੌਵੇਂ ੧੧੫।

ਨਿਖੇੜਾ ਕਰ ਕੇ ਇਹ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧੪੨੯ ਪੰਨਿਆਂ ਵਿਚੋਂ ੧੬੭ ਪੰਨੇ ਬਾਣੀ ਮੁਸਲਮਾਨ ਭਗਤਾਂ ਦੀ ਹੈ, ੫੭ ਪੰਨੇ ਹਿੰਦੂ ਮਹਾਂ ਪੁਰਸ਼ਾਂ ਦੀ ਤੇ ਬਾਕੀ ੧੨੦੫ ਪੰਨੇ ਸਤਿਗੁਰਾਂ ਦੀ ਰਚਨਾ ਹੈ।

ਇਹ ਗ੍ਰੰਥ ਇਕ ਈਸ਼ਵਰੀ ਰਚਨਾ ਹੈ ਜਿਸ ਵਿਚ ਜਨਮਾਂ, ਜਾਤਾਂ, ਫਿਰਕਿਆਂ, ਧਰਮਾਂ, ਪ੍ਰਾਂਤਾਂ ਦੇ ਵਿਤਕਰਿਆਂ ਕਾਰਨ ਲੀਰੋ ਲੀਰ ਹੋਏ ਦੇਸ਼ ਵਿਚ ਸਤਿਗੁਰਾਂ ਨੇ ਨਿਰਪੱਖਤਾ ਤੇ ਰਵਾਦਾਰੀ ਦਾ ਇਕ ਕ੍ਰਿਸ਼ਮਾ ਪਰਤੱਖ ਕਰ ਦਿਖਾਇਆ ਹੈ।

ਸੋ ਸ੍ਰੀ ਗੁਰੂ ਗ੍ਰੰਥ ਸਾਹਿਬ; ਕੇਵਲ ਸਿੱਖਾਂ ਦਾ ਹੀ ਧਰਮ-ਗ੍ਰੰਥ ਨਹੀਂ ਹੈ, ਸਗੋਂ ਇਸ ਦਾ ਉਪਦੇਸ਼ ਸਾਰੇ ਧਰਮਾਂ, ਸਾਰੇ ਦੇਸ਼ਾਂ, ਸਾਰੀਆਂ ਕੌਮਾਂ, ਅਤੇ ਸਾਰੇ ਬੰਦਿਆਂ ਲਈ ਸਾਂਝਾ ਹੈ। ਇਹ ਗ੍ਰੰਥ ਸਿੱਖ ਧਰਮ ਦੇ ਆਲਮਗੀਰ, ਸੰਸਾਰ-ਵਿਆਪੀ ਅਤੇ ਸਰਬ-ਸਾਂਝਾ (ਯੂਨੀਵਰਸਿਲ) ਹੋਣ ਦਾ ਲਖਾਇਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਪ੍ਰਭੂ ਸਿਰਜਨਹਾਰ ਦੀ ਸਰਬ-ਸ੍ਰਿਸ਼ਟੀ ਤੇ ਮਨੁੱਖ-ਮਾਤਰ ਲਈ ਮੁਕਤੀ-ਦਾਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸ਼ਾ-ਵਸਤੂ ਬਾਰੇ ਸਤਿਗੁਰੂ ਜੀ ਆਪ ਹੀ ਬਾਣੀ ਦੇ ਅੰਤ ਵਿਚ ਫੁਰਮਾਉਂਦੇ ਹਨ, ਮੁੰਦਾਵਣੀ ਮਹਲਾ ੫:—ਥਾਲ ਵਿਚਿ ਤਿੰਨਿ ਵਸਤੂ ਪਈਓ, ਸਤੁ ਸੰਤੋਖੁ ਵੀਚਾਰੋ ॥

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ, ਜਿਸ ਕਾ ਸਭਸੁ ਅਧਾਰੋ ॥<br>
ਜੇ ਕੋ ਖਾਵੈ ਜੇ ਕੋ ਭੁੰਚੈ, ਤਿਸ ਕਾ ਹੋਇ ਉਧਾਰੋ ॥<br>
ਏਹ ਵਸਤੁ ਤਜੀ ਨਹ ਜਾਈ, ਨਿਤ ਨਿਤ ਰਖੁ ਉਰਿ ਧਾਰੋ ॥<br>
ਤਮ ਸੰਸਾਰੁ ਚਰਨ ਲਗਿ ਤਰੀਐ, ਸਭੁ ਨਾਨਕ ਬ੍ਰਹਮ ਪਸਾਰੋ ॥੧॥ (ਪੰਨਾ ੧੪੨੯)



www.AKJ.Org

# ਗੁਰੂ ਗ੍ਰੰਥ ਸਾਹਿਬ

## 'ਬਾਕੀ ਦਗ-ਦਗਾਉਂਦਾ ਆਦਿ ਸੱਚ ਬਚੇਗਾ'

[ ਡਾ: ਜਗਜੀਤ ਸਿੰਘ ਜੀ ਭੱਟੀ ਐਮ. ਏ., ਪੀ. ਐਚ-ਡੀ. ]

ਬ੍ਰਾਹਮਣ-ਵਾਦੀ ਹਿੰਦੂ ਬਹੁ-ਗਿਣਤੀ ਵਲੋਂ ਰਾਜਸੀ ਮਦ ਦੇ ਨਸ਼ੇ ਵਿਚ ਆਏ ਦਿਨ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਤੇ ਸਿਖ-ਜਗਤ ਦੀ ਜ਼ਬਾਨੀ-ਕਲਾਮੀ, ਕਲਮੀਂ ਤੇ ਹੱਥੀਂ ਤੌਹੀਨ ਕਰਨਾ ਕਰਾਉਣਾ ਇਕ ਸ਼ੁਗਲ ਹੀ ਬਣ ਗਿਆ ਹੈ।

**ਪੰਥ ਦੀ ਰਹੇਗੀ ਤਾਂ ਗ੍ਰੰਥ ਦੀ ਰਹੇਗੀ–**

ਅੱਜ ਪੰਥ ਦੀ ਨਹੀਂ ਰਹੀ, ਗ੍ਰੰਥ ਦੀ ਕਿਵੇਂ ਰਹਿ ਸਕਦੀ ਹੈ ? ਸਰਕਾਰ ਦੀ ਪੰਥ-ਮਾਰੂ ਘਿਨਾਉਣੀ ਚਾਲ ਸਦਕਾ ਅਨੇਕਾਂ ਮੁਨਾਫਿਕ (ਸਿੱਖੀ ਭੇਸ ਵਿਚ ਗੁਰਮਤਿ ਦੇ ਵੈਰੀ–ਗੁਰੂ ਡੰਮੀਏ, ਡੇਰੇਦਾਰ-ਸੰਤ, ਸੰਪ੍ਰਦਾਈ, ਸਾਧ, ਗੁਰਮਤਿਤਾ ਵਿਚ ਸ਼ਿਰਕ-ਦੂਈ ਦ੍ਵੈਤ ਪੈਦਾ ਕਰਨ ਵਾਲੇ) ਨਿਜੀ ਮੁਫ਼ਾਦ ਹਿਤ ਗੁਰਮਤਿ-ਸਿਧਾਂਤ ਦਾ ਘਾਣ ਕਰ ਰਹੇ ਹਨ। ਪੰਥ ਗੁਰਮਤਿ-ਸਿਧਾਂਤ ਤੇ ਰਹਿਤ-ਮਰਯਾਦਾ ਨੂੰ ਛੱਡ ਕੇ ਬ੍ਰਾਹਮਣ-ਵਾਦ ਦੀ ਦਲਦਲ ਵਿਚ ਧਸਿਆ ਬੁਰੀ ਤਰ੍ਹਾਂ ਬੇਪਤ ਤੇ ਖੁਆਰ ਹੋ ਰਿਹਾ ਹੈ।

**ਵਾਅਦਤ ਦੇ ਉਪਾਸ਼ਕਾਂ ਦੇ ਮੂੰਹ ਤੇ ਚਪੇੜ–**

ਗੁਰੂ ਗ੍ਰੰਥ ਸਾਹਿਬ ਵਲ ਉਠਦੀ ਕੈਰੀ ਅੱਖ ਕੱਢਣ ਦੀ ਕਿਸ ਵਿਚ ਹਿੰਮਤ ਹੈ ? ਗੁਰਮਤਿ ਨਾਲੋਂ ਟੁਟੇ ਖਾਲਸੇ ਦੀ ਮਨਮੁਖਤਾ ਦਾ ਹੀ ਨਤੀਜਾ ਹੈ ਕਿ ਅੱਜ ਇਕ ਲਾਚਾਰ ਤੇ ਦੁਖੀ ਰਾਜਾ ਰਾਮ ਦੇ ਦੁਖਾਂ ਦੇ ਕੀਰਨੇ ਪਾਉਂਦੀ ਰਾਮ ਗਾਥਾ 'ਰਾਮਾਇਣ' ਨੂੰ ਬ੍ਰਾਹਮਣ-ਵਾਦ ਨੇ ਅਲਾਹੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਬਰਾਬਰ ਲਿਆ ਖਲ੍ਹਾਰਿਆ ਹੈ। ਇਹੋ ਅਧਰਮੀਆਂ ਦੀ ਅਕਾਲ-ਵਾਦੀਆਂ ਦੇ ਮੂੰਹ ਤੇ ਚਪੇੜ ਹੈ।

**ਬੇ-ਅਦਬੀ ਦਾ ਨੋਟਿਸ–**

'ਜੱਗ ਬਾਣੀ' ਦੇ ੨੮ ਜੁਲਾਈ, ੧੯੯੭ ਦੇ ਸੰਪਾਦਕੀ ਪੰਨੇ ੪ ਉਤੇ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਸਾਹਿਬਾਨ ਦਾ ਜੋ ਲਿਖਤੀ ਅਪਮਾਨ ਕੀਤਾ ਗਿਆ ਹੈ, ਉਸ ਦਾ ਨੋਟਿਸ ਲੈ ਰਿਹਾ ਹਾਂ।

**ਗੁਰੂ ਗ੍ਰੰਥ ਸਾਹਿਬ ਤੇ ਗੁਰੂ ਸਾਹਿਬਾਨ ਦਾ ਘੋਰ ਅਪਮਾਨ !–**

ਅਸ਼ਵਨੀ ਕੁਮਾਰ ਨੇ 'ਰਾਸ਼ਟਰੀ ਸੋਇਮ ਸੇਵਕ ਸੰਘ' ਦੇ ਜਨਰਲ ਸਕੱਤਰ ਹੋਗ ਸੰਦਰ ਵੈਂਕਟ-ਰਮਈਆ

---

❁ ਇਸ ਪਰਮ ਗ੍ਰੰਥ ਦਾ ਪ੍ਰਿਥਮ ਪ੍ਰਕਾਸ਼,ਭਾਦਰੋਂ ਸੁਦੀ ਇਕ, ਸੰਮਤ ੧੬੬੧ ਮੁਤਾਬਿਕ ੧੬ ਅਗਸਤ ਸੰਨ ੧੬੦੪ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਕਰ-ਕਮਲਾਂ ਨਾਲ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਕੀਤਾ। ਬਾਬਾ ਬੁਢਾ ਜੀ, ਮਹਾਨ ਬ੍ਰਹਮ ਗਿਆਨੀ, ਕਥਨੀ-ਕਰਨੀ ਦੇ ਪੂਰੇ ਤੇ ਸੂਰੇ ਪਰਮ ਪੁਰਸ਼ ਪਹਿਲੇ ਗ੍ਰੰਥੀ ਥਾਪੇ ਗਏ। ਗੁਰਦੁਆਰਾ ਰਾਮਸਰ ਜੀ (ਜਿਸ ਪਵਿੱਤਰ ਅਸਥਾਨ ਤੇ ਲਿਖਾਈ ਦਾ ਕਾਰਜ ਸੰਪੂਰਨ ਕੀਤਾ ਸੀ) ਤੋਂ ਸੰਗਤਾਂ ਭਰਪੂਰ ਜਲੂਸ ਦੀ ਸ਼ਕਲ ਵਿਚ, (ਗੁਰੂ ਜੀ ਆਪ ਚੌਰ ਕਰਦੇ ਸਨ) ਸ਼ਬਦ ਪੜ੍ਹਦੀਆਂ ਹੋਈਆਂ ਲੱਖ ਲੱਖ ਵਧਾਈਆਂ ਤੇ ਖੁਸ਼ੀਆਂ ਦੇ ਪ੍ਰਗਟਾਵੇ ਕਰਦੀਆਂ ਹੋਈਆਂ ਦਰਬਾਰ ਸਾਹਿਬ ਪੁਜੀਆਂ। ਇਹ ਮਰਯਾਦਾ ਅੱਜ ਤੱਕ ਜਾਰੀ ਹੈ।

ਦਸਾਂ ਪਾਤਸ਼ਾਹੀਆਂ ਤੇ ਸੰਤਾਂ-ਭਗਤਾਂ ਦੀ ਆਤਮਕ ਜੋਤ, ਈਸ਼ਵਰੀ ਉਪਦੇਸ਼ ਤੋਂ ਰੱਥੀ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਕਲਿਜੁਗ ਦੇ ਤਾਰਨਹਾਰ, ਜੁਗੋ-ਜੁਗ ਅਟੱਲ ਗੁਰੂ, ਬਾਣੀ ਕੇ ਬੋਹਿਥ ਦੀ ਪਵਿੱਤਰ ਬਾਣੀ ਤੇ ਦਰਸ਼ਨ ਦੀਦਾਰ ਦਾ ਧਿਆਨ ਧਰਦੇ ਹੋਏ, ਬੋਲੋ ਜੀ ਵਾਹਿਗੁਰੂ।



www.AKJ.Org

ਸ਼ੇਸਾਦਰੀ ਵਲੋਂ ਦਿੱਲੀ ਵਿਚ ਕੀਤੀ ਗਈ ਪ੍ਰੈੱਸ ਕਾਨਫਰੰਸ ਦਾ ਸਾਰ 'ਇਨ੍ਹਾਂ ਦੀ ਅਵਾਜ਼ ਸੁਣੋ !' ਦੇ ਸਿਰਲੇਖ ਹੇਠ ਛਾਪਿਆ ਹੈ। ਜਿਸ ਵਿਚ ਉਸ ਨੇ ਲਿਖਿਆ ਹੈ ਕਿ ਗੁਰੂ ਗ੍ਰੰਥ ਵਿਚ ਕੇਵਲ ਰਾਮ, ਕ੍ਰਿਸ਼ਨ ਤੇ ਦੁਰਗਾ ਦੀ ਮਹਿਮਾ ਦਾ ਹੀ ਗਾਇਨ ਹੈ। ਗੁਰੂ ਸਾਹਿਬਾਨ ਉਹਨਾਂ ਦੇ ਹੀ ਉਪਾਸ਼ਕ ਸਨ। ਉਨ੍ਹਾਂ ਨੂੰ ਹੀ ਗੁਰੂਆਂ ਨੇ ਬ੍ਰਹਮ ਮੰਨ ਕੇ ਉਹਨਾਂ ਦੀ ਸਰਬ-ਵਿਆਪਕਤਾ ਤੇ ਰੱਬਤਾ ਨੂੰ ਧਿਆਇਆ ਹੈ। ਅਜੋਨੀ, ਅਬਿਨਾਸ਼ੀ, ਨਿਰੰਕਾਰ ਦੇ ਅਰਾਧੂ ਈਸ਼ਵਰ-ਵਾਦੀ ਗੁਰੂ-ਸਾਹਿਬਾਨ ਨੂੰ ਦੇਵ-ਅਵਤਾਰਾਂ ਦੇ ਪੂਜਕ ਕਹਿਣ ਅਤੇ 'ਸੱਚ' ਦੀ ਉਸਤਤਿ ਵਿਚ ਰਚੇ ਗਏ 'ਗੁਰੂ ਗ੍ਰੰਥ ਸਾਹਿਬ' ਨੂੰ ਕਿਰਤਮ ਵਸਤੂਆਂ ਦੇ ਜਸ ਪ੍ਰਾਇਣ ਦੱਸਣਾ ਘੋਰ ਅਪਮਾਨ ਹੀ ਨਹੀਂ, ਬੱਜਰ-ਪਾਪ ਹੈ। ਅਖਬਾਰ ਵਿਚ ਛਪੇ ਲੇਖ ਦੇ ਅੱਖਰ ਹੂ-ਬ-ਹੂ ਹੇਠ ਦਰਜ ਹਨ :

"ਸਿੱਖਾਂ ਨੂੰ ਵੱਖਰੀ ਕੌਮ ਮੰਨਿਆ ਜਾਵੇ ਜਾਂ ਨਾ ? ਇਸ ਸੁਆਲ ਤੇ ਉਹਨਾਂ ਦੀ ਰਾਇ ਸੀ ਕਿ ਪੂਜਾ ਦਾ ਢੰਗ ਬਦਲਣ ਨਾਲ ਕੌਮ ਜਾਂ ਧਰਮ ਵੱਖ ਨਹੀਂ ਹੋ ਜਾਂਦਾ, ਹਿੰਦੂ ਧਰਮ ਦੀ ਰਾਖੀ ਲਈ ਹੀ ਸ਼ਕਤੀ-ਧਾਰੀ ਬਣੇ ਸਨ। ਗੁਰੂ ਗ੍ਰੰਥ ਸਾਹਿਬ ਵਿਚੋਂ ਰਾਮ, ਕ੍ਰਿਸ਼ਨ ਅਤੇ ਦੁਰਗਾ ਨੂੰ ਕੱਢ ਦਿਓ ਤਾਂ ਫਿਰ ਉਸ ਵਿਚ ਕੀ ਬਚੇਗਾ। ਗੁਰੂ ਗ੍ਰੰਥ ਸਾਹਿਬ ਵਿਚ ਵੀ ਫ਼ਰਕ ਨਹੀਂ ਸਿਖਾਇਆ ਗਿਆ।"

ਉਪਰੋਕਤ ਲਿਖਤ ਤੋਂ ਸ਼ੇਸਾਦਰੀ ਦੀਆਂ ਤਿੰਨ ਬੇਵਕੂਫੀਆਂ ਦਾ ਪਤਾ ਲਗਦਾ ਹੈ–

**ਪਹਿਲੀ ਬੇਅਕਲੀ–**

"ਪੂਜਾ ਦਾ ਢੰਗ ਬਦਲਣ ਨਾਲ ਕੌਮ ਜਾਂ ਧਰਮ ਵੱਖ ਨਹੀਂ ਹੋ ਜਾਂਦੇ–ਤਾਂ ਫਿਰ ਕਰੋੜਾਂ ਹਿੰਦੂ ਇਸਲਾਮੀ ਇਬਾਦਤ ਦੀ ਵਿਧੀ ਅਪਨਾਉਣ ਨਾਲ ਮੁਸਲਮਾਨ ਕਿਵੇਂ ਹੋ ਗਏ ? ਆਪ ਦੇ ਜਵਾਬ ਅਨੁਸਾਰ ਤਾਂ ਉਹ ਹਿੰਦੂ ਹੀ ਹਨ। ਤੁਹਾਡੇ ਹਿੰਦੂਆਂ ਵਲੋਂ ਉਹਨਾਂ ਨਾਲ ਬਾਬਰੀ ਮਸਜਿਦ ਦਾ ਝਗੜਾ ਖੜਾ ਕਰਨਾ ਫ਼ਜ਼ੂਲ ਹੀ ਹੈ। ਭਾਰਤ ਨੂੰ ਤਬਾਹੀ ਵਾਲੀ ਭਿਆਨਕ ਜੰਗ ਦੀ ਭੱਠੀ ਵਿਚ ਝੋਕ ਕੇ ਦੇਸ਼ ਦਾ ਸਤਿਆਨਾਸ ਕਰਨ ਤੇ ਕਿਉਂ ਲੱਕ ਬੰਨ੍ਹਿਆ ਜੇ ! ਸਿਰਫ ਪੂਜਾ-ਸਥਾਨ ਦੀ ਇਮਾਰਤ ਦਾ ਨਕਸ਼ਾ ਬਦਲਣ ਨਾਲ ਹੀ ਧਰਮ ਜਾਂ ਕੌਮ ਬਦਲ ਗਿਆ ਮੰਨ ਕੇ ਮਰਨ-ਮਾਰਨ ਤੇ ਉਤਾਰੂ ਹੋ ਜਾਣਾ ਇਹ ਕਿਹੋ ਜਿਹੀ ਬਦਤਮੀਜ਼ੀ ਹੋਈ।

ਸ਼ੇਸਾਦਰੀ ! ਪੂਜਾ ਦਾ ਢੰਗ ਬਦਲਣ ਨਾਲ ਤਾਂ ਜੁਗਾਂ-ਜੁਗਾਂਤਰਾਂ ਪੁਰਾਣੀ ਸਭਿਅਤਾ, ਸਭਿਆਚਾਰ, ਸਮਾਜਿਕ ਜੀਵਨ, ਆਰਥਿਕ ਢਾਂਚਾ, ਰਾਜ-ਨੀਤੀ, ਧਾਰਮਿਕ ਅਕੀਦੇ ਆਦਿ ਸਭ ਕੁਝ ਮੂਲੋਂ ਹੀ ਬਦਲ ਜਾਂਦੇ ਹਨ। ਇਹਨਾਂ ਵਖਰੇਵਿਆਂ ਕਾਰਨ ਹੀ ਮਨੁੱਖ ਦੀ, ਬਾਕੀਆਂ ਨਾਲੋਂ ਵੱਖਰੀ ਤੇ ਨਿਆਰੀ ਹੋਂਦ-ਪਛਾਣ ਨਿਸ਼ਚਿਤ ਹੋ ਜਾਂਦੀ ਹੈ। ਬਲੰਤਸੀ ਦੇ ਹਵਾਲੇ ਨਾਲ ਸ: ਦੇਵਿੰਦਰ ਸਿੰਘ ਦੁੱਗਲ ਨੇ ਕੌਮ ਦੀ ਪ੍ਰੀਭਾਸ਼ਾ ਦਿਤੀ ਹੈ :

"ਬਲੰਤਸੀ, 'ਕੌਮ' ਉਨ੍ਹਾਂ ਲੋਕਾਂ ਦੇ ਸਮੂੰਹ ਨੂੰ ਕਹਿੰਦਾ ਹੈ, ਜੋ ਇਕੋ ਭਾਸ਼ਾ, ਧਰਮ ਅਤੇ ਇਕੋ ਜਿਹੇ ਰੀਤੀ-ਰਿਵਾਜਾਂ ਦੁਆਰਾ ਇਕੋ ਜਿਹੀ ਸਮਾਜੀ ਸਭਿਅਤਾ ਦੇ ਬੰਧਨਾਂ ਵਿਚ ਬੱਧੇ ਹੋਣ ਅਤੇ ਜੋ ਉਨ੍ਹਾਂ ਅੰਦਰ ਆਪਸੀ ਏਕਤਾ ਅਤੇ ਹੋਰਨਾਂ ਨਾਲੋਂ ਨਿਆਰੇ ਹੋਣ ਦੀ ਚੇਤੰਨਤਾ ਪੈਦਾ ਕਰਦੀ ਹੋਵੇ।"

ਇਸ ਪ੍ਰੀਭਾਸ਼ਾ ਦੀ ਰੌਸ਼ਨੀ ਵਿਚ ਹਿੰਦੂਆਂ ਤੇ ਸਿੱਖਾਂ ਵਿਚਾਲੇ ਧਾਰਮਿਕ, ਸਮਾਜਿਕ, ਸਭਿਆਚਾਰਕ, ਆਰਥਿਕ, ਰਾਜਨੀਤਿਕ ਆਦਿਕ ਪੱਖਾਂ ਤੋਂ ਭਿੰਨਤਾ ਤੇ ਨਿਆਰਾ-ਪਨ ਵੇਖਿਆ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਹਿੰਦੂਆਂ ਵਿਚ ਜਾਤ-ਪਾਤਿ, ਵਰਣ-ਵੰਡ, ਸੂਤਕ-ਪਾਤਕ, ਜਨੇਊ-ਮੁੰਡਨ, ਪਿੰਡ ਭਰਾਉਣੇ, ਕਿਰਿਆ-ਕਰਮ, ਦੀਵਾ-ਵੱਟੀ, ਗਾਇਤ੍ਰੀ-ਵੇਦ, ਸਿਲ-ਪੱਥਰ, ਬੁੱਤ-ਮੂਰਤੀ ਦੀ ਪੂਜਾ, ਦੇਵੀ-ਦਵਤਿਆਂ-ਅਵਤਾਰਾਂ ਦਾ ਪੂਜਣ ਹੁੰਦਾ ਹੈ। ਇਸ ਦੇ ਉਲਟ ਸਿੱਖਾਂ ਵਿਚ ਇਹਨਾਂ ਦੀ ਕੋਈ ਥਾਂ ਨਹੀਂ। ਉਹਨਾਂ ਦਾ ਖਾਣਾ-ਬਾਣਾ-ਧਿਆਣਾ ਆਦਿ ਸਭ ਕੁਝ ਹੀ ਹਿੰਦੂਆਂ ਤੋਂ ਅੱਡਰਾ ਤੇ ਨਿਆਰਾ ਹੈ।

ਸੋ ਪੂਜਾ ਢੰਗ ਦੇ ਬਦਲਣ ਨਾਲ ਧਰਮ ਜਾਂ ਕੌਮ ਦੇ ਨਾ ਬਦਲਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ।

**ਦੂਜੀ ਬੇਅਕਲੀ–**

'ਹਿੰਦੂ ਧਰਮ ਦੀ ਰਾਖੀ ਲਈ ਹੀ (ਸਿਖ) ਸ਼ਕਤੀਧਾਰੀ ਬਣੇ ਸਨ।' ਕਹਿਣਾ, ਸ਼ੇਸਾਦਰੀ ਦੀ ਸੌੜੀ ਸੱਚ


www.AKJ.Org

ਤੇ ਫਿਰਕੂ ਜ਼ਹਿਨੀਅਤ ਦਾ ਪ੍ਰਗਟਾਵਾ ਕਰਨ ਦੇ ਨਾਲ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਘੋਰ ਨਿਰਾਦਰ ਕਰਨ ਵਾਲੀ ਗੱਲ ਹੈ । ਦਸਮੇਸ਼ ਪਿਤਾ ਨੇ 'ਖਾਲਸਾ ਪੰਥ' ਦੀ ਸਾਜਨਾ ਕਰ ਕੇ ਸਿੱਖਾਂ ਨੂੰ ਸਿਰਫ 'ਹਿੰਦੂ ਧਰਮ' ਦੀ ਰਾਖੀ ਲਈ ਹੀ ਸ਼ਕਤੀ-ਧਾਰੀ (ਸ਼ਸਤ੍ਰਧਾਰੀ) ਨਹੀਂ ਸੀ ਬਣਾਇਆ। ਉਹਨਾਂ ਨੇ ਖਾਲਸੇ ਦੀ ਸਾਜਨਾ ਕੇਵਲ ਤੇ ਕੇਵਲ ਜਾਬਰਾਂ, ਅਧਰਮੀਆਂ, ਦੁਸ਼ਟਾਂ, ਅਨਿਆਈਆਂ ਨੂੰ ਸੋਧਣ, ਜ਼ੁਲਮ, ਅਨਿਆਇ ਦੇ ਖਿਲਾਫ਼ ਹਥਿਆਰਬੰਦ ਟੱਕਰ ਲੈਂਦਿਆਂ, ਸੰਤਾਂ-ਮਹਾਤਮਾਂ, ਮਹਾਂ ਪੁਰਸ਼ਾਂ, ਗਰੀਬਾਂ ਮਜ਼ਲੂਮਾਂ, ਨਿਤਾਣਿਆਂ ਦੀ ਧਰਮ ਰਖਿਆ ਹਿਤ ਜੂਝਣ ਲਈ ਕੀਤੀ ਸੀ। ਦਸਮ ਪਾਤਸ਼ਾਹ ਨੇ ਆਪਣਾ ਜਨਮ ਹੀ ਦੁਸ਼ਟਾਂ, ਧਰਮ ਦੋਖੀਆਂ, ਬ੍ਰਾਹਮਣ-ਵਾਦ, ਅਧਰਮੀਆਂ ਦੇ ਨਾਸ਼ ਕਰਨ ਲਈ ਹੀ ਲਿਆ ਸੀ। ਆਪਣੇ ਉਦੈ ਹੋਣ ਦਾ ਪ੍ਰਯੋਜਨ ਉਨ੍ਹਾਂ ਆਪਣੀ ਸ੍ਵੈ-ਜੀਵਨੀ 'ਬਚਿੱਤ੍ਰ-ਨਾਟਕ' ਵਿਚ ਲਿਖਿਆ ਹੈ :

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥

(ਅਧਿਆਇ ੬)

ਇਸੇ ਸੰਦਰਭ ਵਿਚ ਗੁਰੂ ਜੀ ਸਿਖਿਆ ਦ੍ਰਿੜ੍ਹਾਉਂਦੇ ਅਕਾਲ ਪੁਰਖ ਤੋਂ ਧਰਮ, ਸੰਤਾਂ ਦੇ ਉਬਾਰਨ ਦੇ ਨੇਕ ਕੰਮ ਲਈ ਅਤੇ ਅਧਰਮੀਆਂ, ਦੁਸ਼ਟਾਂ, ਦੋਖੀਆਂ ਨੂੰ ਸੰਘਾਰਨ ਦੇ ਸ਼ੁਭ ਕਾਰਜ ਹਿਤ ਜੂਝਣ ਤੇ ਅੰਤ ਆਪਣੀ ਯਕੀਨਨ ਜਿੱਤ ਦਾ ਵਰ ਮੰਗਦੇ 'ਚੰਡੀ ਚਰਿਤ੍ਰ' ਵਿਚ ਫੁਰਮਾਉਂਦੇ ਹਨ :

ਦੇਹ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰ ਆਪਣੀ ਜੀਤ ਕਰੋਂ ॥
ਅਰੁ ਸਿਖ ਹੋ ਆਪਨੇ ਹੀ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ ॥ (੨੩੧)

ਸੋ ਸ਼ੇਸਾਦਰੀ ! ਦਸਮ ਪਿਤਾ ਦਾ ਸਿਖਾਂ ਨੂੰ ਸ਼ਕਤੀਧਾਰੀ ਕਰਨ ਦਾ ਸੰਕਲਪ ਕੇਵਲ ਹਿੰਦੂ-ਧਰਮ ਦੀ ਰਖਿਆ ਕਰਨਾ ਹੀ ਨਹੀਂ ਸੀ, ਸਗੋਂ ਸੰਤਾਂ-ਮਹਾਤਮਾਂ; ਮਜ਼ਲੂਮਾਂ ਦੀ ਰਖਿਆ ਕਰਦਿਆਂ ਦੁਸ਼ਟਾਂ-ਅਧਰਮੀਆਂ ਦਾ ਦਮਨ ਕਰਨਾ ਵੀ ਸੀ।

**ਤੀਜੀ ਬੇਅਕਲੀ–**

''ਗੁਰੂ ਗ੍ਰੰਥ ਸਾਹਿਬ ਵਿਚੋਂ ਰਾਮ, ਕ੍ਰਿਸ਼ਨ ਅਤੇ ਦੁਰਗਾ ਨੂੰ ਕੱਢ ਦਿਓ ਤਾਂ ਫਿਰ ਉਸ ਵਿਚ ਕੀ ਬਚੇਗਾ'' ।

ਮਹਾਂ-ਮੰਤ੍ਰੀ ! ਤੇਰੇ ਸਵਾਲ ਦਾ ਸਪੱਸ਼ਟ ਜਵਾਬ ਹੈ ਕਿ ਗੁਰੂ ਗ੍ਰੰਥ ਸਾਹਿਬ ਪਾਸ ਬਾਕੀ ਬਚੇਗਾ ਕੇਵਲ ਤੇ ਕੇਵਲ : ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਜੋ ਖੰਡਾਂ, ਬ੍ਰਹਿਮੰਡਾਂ ਦੀ ਉਤਪਤੀ ਦਾ ਮੂਲ ਤੇ ਸਭ ਦਾ ਕਰਤਾ ਹਰਤਾ ਤੇ ਪ੍ਰਤਿਪਾਲਕ ਹੈ। ਇਹੋ ਹੀ ਗੁਰੂ ਸਾਹਿਬ ਦਾ ਪੂਜਜ ਇਸ਼ਟ ਹੈ। ਇਸੇ ਦੀ ਗੁਰੂ ਗ੍ਰੰਥ ਸਾਹਿਬ ਵਿਚ ਉਸਤਤਿ ਕੀਤੀ ਗਈ ਹੈ। ਕਰੋੜਾਂ ਦੇਵੀ-ਦੇਵਤੇ-ਅਵਤਾਰ ਇਸ ਦੇ ਹੀ ਪੈਦਾ ਕੀਤੇ ਹੋਏ ਹਨ। ਉਹ ਹੱਥ ਬੰਨ੍ਹੀ ਗ਼ੁਲਾਮ ਇਸੇ ਦਾ ਜਸ ਗਾਇਨ ਕਰ ਰਹੇ ਹਨ :

ਕੋਟਿ ਬਿਸਨ ਅਵਤਾਰ ਸੰਕਰ ਜਟਾਧਾਰ ॥
ਚਾਹਹਿ ਤੁਝਹਿ ਦਇਆਰ ਮਨਿ ਤਨਿ ਰੁਚ ਅਪਾਰ ॥
ਅਪਾਰ ਅਗਮ ਗੋਬਿੰਦ ਠਾਕੁਰ ਸਗਲ ਪੂਰਕ ਪ੍ਰਭ ਧਨੀ ॥
ਸੁਰ ਸਿਧ ਗਣ ਗੰਧਰਬ ਧਿਆਵਹਿ ਜਖ ਕਿੰਨਰ ਗੁਣ ਭਨੀ ॥


www.AKJ.Org

ਕੋਟਿ ਇੰਦ੍ਰ ਅਨੇਕ ਦੇਵਾ ਜਪਤ ਸੁਆਮੀ ਜੈ ਜੈ ਕਾਰ ॥
ਅਨਾਥ ਨਾਥ ਦਇਆਲ ਨਾਨਕ ਸਾਧ ਸੰਗਤਿ ਮਿਲਿ ਉਧਾਰ॥੨॥
(ਆਸਾ ਮ: ੫, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੫੫-੫੬)

**ਸਭ ਦਾ ਕਰਤਾ 'ਸੈਭੰ' ਪ੍ਰਭੂ ਹੈ–**

ਇਹ ਅਟੱਲ, ਅਜੋਨੀ, ਅਬਿਨਾਸੀ, ਅਕਾਲ ਪੁਰਖ ਹੈ, ਜੋ ਆਪਣੇ ਸੁਤੇ ਪ੍ਰਕਾਸ਼ ਤੋਂ ਪੈਦਾ ਹੋਇਆ ਹੈ। ਇਸ ਦਾ ਕੋਈ ਮਾਂ-ਬਾਪ ਨਹੀਂ। ਇਸ ਨੂੰ ਕਿਸੇ ਥਾਪਿਆ ਵੀ ਨਹੀਂ। ਇਹ 'ਸੈਭੰ' ਪ੍ਰਭੂ ਸਭ ਦਾ ਕਰਤਾ ਤੇ ਮਾਲਕ ਹੈ। ਇਸ ਦਾ ਕਿਸੇ ਨਾਲ ਕੋਈ ਵੈਰ ਨਹੀਂ ਤੇ ਨਾ ਹੀ ਇਹ ਕਿਸੇ ਤੋਂ ਡਰਦਾ ਹੈ। ਗੁਰੂ ਨਾਨਕ ਸਾਹਿਬ ਆਪਣੇ ਅਜਿਹੇ ਇਸ਼ਟ ਦਾ ਸਰੂਪ ਤੇ ਗੁਣਾਂ ਦਾ ਬਿਆਨ ਕਰਦੇ ਉਸੇ ਦਾ ਧਿਆਨ ਧਰਨ ਤੇ ਨਾਮ ਜਪਣ ਦੀ ਸਿਖਿਆ ਦਿੰਦੇ ਲਿਖਦੇ ਹਨ :

੧ ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਜਪੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥
(ਗੁਰੂ ਗ੍ਰੰਥ ਸਹਿਬ, ਪੰਨਾ ੧)

**ਅਕਾਲ ਪੁਰਖ ਦਾ ਕੋਈ ਸ਼ਰੀਕ ਨਹੀਂ–**

ਅਕਾਲ ਪੁਰਖ ਦਾ ਕੋਈ ਸ਼ਰੀਕ ਨਹੀਂ ਹੈ। ਉਹ ਸਰਬ ਸਮਰੱਥ ਈਸ਼ਵਰ ਕਿਸੇ ਦਾ ਜਵਾਬ-ਦੇਹ ਨਹੀਂ। ਉਹ ਸਭ ਕੁਝ ਕਰਨ ਵਾਲਾ ਮਾਲਕ ਆਪ ਹੀ ਹੈ :

ਤਿਸਹਿ ਸਰੀਕੁ ਨਾਹੀ ਰੇ ਕੋਈ ॥ ਕਿਸ ਹੀ ਬੁਤੈ ਜਬਾਬੁ ਨ ਹੋਈ ॥
ਨਾਨਕ ਕਾ ਪ੍ਰਭੁ ਆਪੇ ਆਪੇ, ਕਰਿ ਕਰਿ ਵੇਖੈ ਚੋਜ ਖੜਾ ॥੧੬॥੧॥੧੦॥
(ਮ: ੫, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੮੨)

**ਜੀਵ ਰਕਤ-ਬਿੰਦ ਦੀ ਉਪਜ ਹੈ–**

ਮਾਂ ਦੀ ਰਕਤ ਤੇ ਪਿਉ ਦੀ ਬਿੰਦ ਦੇ ਮਿਲਾਪ ਨਾਲ ਮਾਤਾ ਦੀ ਕੁਖੋਂ ਪ੍ਰਭੂ ਦੀ ਮਿਹਰ ਸਦਕਾ ਜੀਵ ਜਨਮ ਲੈਂਦਾ ਹੈ। ਉਸੇ ਬ੍ਰਹਮ ਦੀ ਜੋਤਿ ਦਾ ਹੀ ਸਭ ਥਾਂ ਪਸਾਰਾ ਹੈ :

ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥ ਮੂਰਤਿ ਸੂਰਤਿ ਕਰਿ ਅਪਾਰਾ ॥
ਜੋਤਿ ਦਾਤਿ ਜੇਤੀ ਸਭ ਤੇਰੀ, ਤੂ ਕਰਤਾ ਸਭ ਠਾਈ ਹੇ ॥੪॥
(ਮ: ੧, ਗੁਰੂ ਗ੍ਰੰਥ ਸਾ:, ਪੰਨਾ ੧੦੨੨)

**ਕਿਰਤਮ ਵਸਤੂ-ਜੀਵ ਪਰਮੇਸ਼੍ਵਰ ਨਹੀਂ ਹੈ–**

ਕੋਈ ਵੀ ਕਿਰਤਮ ਜੀਵ ਜਾਂ ਵਸਤੂ ਕਰਤਾਰ ਨਹੀਂ ਹੈ। ਆਦਿ ਅਜੋਨੀ, ਅਤੇ ਅਬਿਨਾਸੀ ਪ੍ਰਭੂ ਨੂੰ ਹੀ ਪ੍ਰਮੇਸ਼ਵਰ ਕਿਹਾ ਜਾ ਸਕਦਾ ਹੈ। ਖਾਲਸਾ ਪੰਥ ਦੇ ਸਿਰਜਨਹਾਰੇ ਤੇ ਖਾਲਸੇ ਨੂੰ ਗੁਰੂ ਗ੍ਰੰਥ ਦੀ ਤਾਬਿਆ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ, ਕਰਤਾ ਪੁਰਖ ਕਰਤਾਰ ਦੀ ਪਛਾਣ ਕਰਾਉਂਦਿਆਂ ਖਾਲਸੇ ਨੂੰ ਹੁਕਮ ਕਰ ਗਏ ਹਨ :

ਬਿਨੁ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸ੍ਵਰ ਜਾਨੋ ॥੧॥ਰਹਾਉ॥੩॥੫॥
(ਸ਼ਬਦ ਹਜ਼ਾਰੇ ਪਾ: ੧੦)

**ਰਾਮ ਤਾਂ ਕਿਰਤਮ ਜੀਵ ਹੈ–**

ਸ਼ੇਸਾਦਰੀ ! ਰਾਮ ਜੀ ਤਾਂ ਰਾਜੇ ਦਸਰਥ ਦੀ ਬਿੰਦ ਤੇ ਰਾਣੀ ਕੁਸ਼ਲਿਆ ਦੀ ਰਕਤ ਦੀ ਉਪਜ ਹੋਣ ਕਰਕੇ ਕਿਰਤਮ ਹੈ। ਕਿਰਤਮ ਵਸਤੂ ਨੇ ਇਕ ਦਿਨ ਜ਼ਰੂਰ ਬਿਨਸਣਾ ਹੈ। ਜੋ ਜੰਮਦਾ ਹੈ ਉਹ ਮਰਦਾ ਵੀ



www.AKJ.Org

ਅਵੱਸ਼ ਹੈ :

ਜੋ ਉਪਜਿਓ ਸੋ ਬਿਨਸਿ ਹੈ, ਪਰੋ ਆਜੁ ਕੈ ਕਾਲਿ ॥
ਨਾਨਕ ਹਰਿ ਗੁਨ ਗਾਇ ਲੇ, ਛਾਡਿ ਸਗਲ ਜੰਜਾਲ ॥੫੨॥
(ਮ: ੯, ਗੁ: ਗ੍ਰੰਥ ਸਾਹਿਬ, ਪੰਨਾ ੧੪੨੮-੨੯)

ਮਹਾਂ ਮੰਤ੍ਰੀ ਜੀ ! ਦਸਰਥ ਦੇ ਘਰ ਕੁਸ਼ਲਿਆ ਦੀ ਕੁਖੋਂ ਜੰਮਿਆ 'ਰਾਮ' ਅਮਰ, ਅਟੱਲ, ਅਜੋਨੀ, ਅਬਿਨਾਸੀ ਕਿਵੇਂ ਵੀ ਨਹੀਂ ਮੰਨਿਆ ਜਾ ਸਕਦਾ । ਉਹ ਤਾਂ ਸਮੇਂ ਦੇ ਗੇੜ ਨਾਲ ਦੁਖ, ਸੁਖ, ਵੈਰ ਵਿਰੋਧ ਭੋਗਦਾ ਅੰਤ ਮੌਤ ਦੀ ਬੁਰਕੀ ਬਣ ਕੇ ਮਰ ਖਪ ਗਿਆ ਹੈ । ਬਚਿਤ੍ਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ :

ਜਿਤੇ ਰਾਮ ਹੂਏ ॥ ਸਭੈ ਅੰਤ ਮੂਏ ॥੭੦॥ (ਅਧਿ: ੧)

ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਵੀ 'ਰਾਮ' ਦੀ ਨਾਸ਼ਮਾਨਤਾ ਬਿਆਨ ਕਰਦੇ ਲਿਖਦੇ ਹਨ :

ਰਾਮੁ ਗਇਓ ਰਾਵਨੁ ਗਇਓ, ਜਾ ਕਉ ਬਹੁ ਪਰਵਾਰੁ ॥
ਕਹੁ ਨਾਨਕ ਥਿਰੁ ਕਛੁ ਨਹੀ, ਸੁਪਨੇ ਜਿਉ ਸੰਸਾਰੁ ॥੫੦॥
(ਗੁਰੂ ਗ੍ਰੰਥ ਸਾਹਿਬ, ਪੰਨਾ ੧੪੨੮)

**ਰਾਮ ਇਕ ਸੰਸਾਰੀ ਜੀਵ ਸੀ–**

ਸ਼ੇਸਾਦਰੀ ! ਤੇਰਾ 'ਰਾਮ' ਆਮ ਮਨੁੱਖ ਦੀ ਤਰ੍ਹਾਂ ਸੰਸਾਰ ਵਿਚ ਵਿਚਰਦਾ ਰਿਹਾ । ਉਹ ਸੰਸਾਰੀ ਜੀਵ ਦੀ ਤਰ੍ਹਾਂ ਆਪਣੀ ਮਤਰੇਈ ਮਾਂ 'ਕੈਕਈ' ਦੀ ਕਰੋਪੀ ਦਾ ਸ਼ਿਕਾਰ ਹੋਇਆ ਜੰਗਲਾਂ ਬੀਆ-ਬਾਨਾਂ ਵਿਚ ਮਾਰਾ ਮਾਰਾ ਘੁੰਮਦਾ ਰਿਹਾ । ਆਪਣੇ ਆਪ ਨੂੰ ਸਰਬ ਸਮਰੱਥ ਈਸ਼ਵਰ ਸਮਝਣ ਵਾਲੇ ਦੀ ਪਤਨੀ 'ਸੀਤਾ' ਨੂੰ ਲੰਕਾਪਤਿ 'ਰਾਵਣ' ਮੰਦ-ਕਾਮੁਕ ਭਾਵਨਾ ਨਾਲ ਚੁੱਕ ਕੇ ਲੈ ਗਿਆ । ਉਸ ਦੇ ਵਿਛੋੜੇ ਵਿਚ ਡਾਢਾ ਬਿਹਬਲ ਹੋਇਆ ਲੋਕ-ਲਾਜ ਤਜ ਕੇ ਰੁੱਖਾਂ ਬੂਟਿਆਂ ਨਾਲ ਲੱਗ ਲੱਗ ਕੇ ਰੋਂਦਾ ਫਿਰਦਾ ਰਿਹਾ । ਸਰਬ ਸ਼ਕਤੀਮਾਨ ਦਾ ਦਾਅਵਾ ਕਰਨ ਵਾਲੇ ਉਤੇ ਕਰਤਾਰ ਦੀ ਚੇਰੀ 'ਹੋਣੀ' ਆਪਣਾ ਵਾਰ ਕਰ ਗਈ :

ਸੀਤਾ ਲੈ ਗਇਆ ਦਹਸਿਰੋ, ਲਛਮਣੁ ਮੂਓ ਸਰਾਪਿ ॥
ਨਾਨਕ ਕਰਤਾ ਕਰਣਹਾਰੁ, ਕਰਿ ਵੇਖੈ ਥਾਪਿ ਉਥਾਪਿ ॥੨੫॥
(ਮ; ੧, ਗੁਰੂ ਗ੍ਰੰਥ ਸਾ:, ਪੰਨਾ ੧੪੧੨

ਸ਼ੇਸਾਦਰੀ ਜੀ ! ਇਕ ਸਾਧਾਰਨ ਵਿਅਕਤੀ ਦੀ ਤਰ੍ਹਾਂ ਤੁਹਾਡੇ 'ਰਾਮ' ਨੂੰ ਆਪਣੀ ਪਤਨੀ 'ਸੀਤਾ' ਦੇ ਚੁਕੇ ਜਾਣ ਤੇ ਹੋਈ ਬੇਇਜ਼ਤੀ ਦਾ ਬਹੁਤ ਝੋਰਾ ਲੱਗਾ । ਉਸ ਨੂੰ ਵਾਪਸ ਲੈਣ ਲਈ ਹਨੂਮਾਨ, ਸੁਗ੍ਰੀਵ, ਅੰਗਦ ਆਦਿ ਬਾਨਰਾਂ ਦੀ ਬਹੁੜੀ ਕੀਤੀ, ਜਿਨ੍ਹਾਂ ਦੀ ਸਹਾਇਤਾ ਨਾਲ ਰਾਵਣ ਦਾ ਬਧ ਕਰਕੇ ਸੀਤਾ ਵਾਪਸ ਲਿਆਂਦੀ ਗਈ :

ਰਾਮੁ ਝੁਰੈ ਦਲ ਮੇਲਵੈ, ਅੰਤਰਿ ਬਲੁ ਅਧਿਕਾਰ ॥
ਬੰਤਰ ਕੀ ਸੈਨਾ ਸੇਵੀਐ, ਮਨਿ ਤਨਿ ਜੁਝੁ ਅਪਾਰੁ ॥੨੫॥ (ਮ: ੧)
ਮਨ ਮਹਿ ਝੁਰੈ ਰਾਮ ਚੰਦੁ, ਸੀਤਾ ਲਛਮਣ ਜੋਗੁ ॥
ਹਣਵੰਤਰੁ ਆਰਾਧਿਆ, ਆਇਆ ਕਰਿ ਸੰਜੋਗੁ ॥੨੬॥
(ਮ: ੧, ਗੁਰੂ ਗ੍ਰੰਥ ਸਾ:, ਪੰਨਾ ੧੪੧੨)

ਇਕ ਆਮ ਮਨੁੱਖ ਦੀ ਤਰ੍ਹਾਂ ਆਪਣੀ ਪਤਨੀ 'ਸੀਤਾ' ਦੀ ਪਵਿੱਤ੍ਰਤਾ, ਸਦਾਚਾਰਿਕ ਪਵਿੱਤ੍ਰਤਾ ਤੇ ਸ਼ੱਕ ਕਰਦਿਆਂ ਰਾਮ ਜੀ ਨੇ ਉਸ ਨੂੰ ਸਦਾ ਲਈ ਘਰੋਂ ਕੱਢ ਦਿਤਾ । ਆਪ ਉਸ ਦੇ ਵਿਯੋਗ ਵਿਚ ਵਿਆਕੁਲ ਹੋ ਕੇ ਅੰਤ ਮੌਤ ਦਾ ਖਾਜਾ ਬਣ ਗਿਆ । ਭਗਤ ਨਾਮਦੇਵ ਜੀ :

ਪਾਂਡੇ ਤੁਮਰਾ ਰਾਮ ਚੰਦੁ, ਸੋ ਭੀ ਆਵਤੁ ਦੇਖਿਆ ਥਾ ॥


www.AKJ.Org

ਰਾਵਨ ਸੇਤੀ ਸਰਬਰ ਹੋਈ, ਘਰ ਕੀ ਜੋਇ ਗਵਾਈ ਥੀ ॥੩॥੩॥੭॥

(ਗੁਰੂ ਗ੍ਰੰਥ ਸਾਹਿਬ, ਪੰਨਾ ੮੭੫)

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਰਾਮ ਦੇ ਖਪ ਜਾਣ ਦਾ ਜ਼ਿਕਰ 'ਬਚਿਤ੍ਰ ਨਾਟਕ' ਵਿਚ ਕਰਦੇ ਲਿਖਦੇ ਹਨ :

ਜਿਤੇ ਰਾਮ ਸੇ ਕ੍ਰਿਸਨ ਹੁਇ ਬਿਸਨ ਆਏ ॥
ਤਿਤਿਓ ਕਾਲ ਖਾਪਿਓ ਨ ਤੇ ਕ੍ਹਾਲ ਘਾਏ ॥੨੮॥ (ਅਧਿ: ੧)

## ਕ੍ਰਿਸ਼ਨ ਵੀ ਆਦਿ ਅਜੋਨਿ ਪਰਮੇਸ਼੍ਵਰ ਨਹੀਂ ਸੀ–

ਮਹਾਂ-ਮੰਤ੍ਰੀ ਜੀ ! ਤੁਹਾਡੇ ਕਲਪਿਤ ਰੱਬ 'ਸ੍ਰੀ ਰਾਮ ਚੰਦਰ' ਜੀ ਦੀ ਤਰ੍ਹਾਂ ਕ੍ਰਿਸ਼ਨ ਜੀ ਵੀ ਤੁਹਾਡੇ ਇਕ ਹੋਰ ਅਖੌਤੀ ਸਰਬ-ਵਿਆਪਕ ਪ੍ਰਮਾਤਮਾ ਹੋਏ ਹਨ। ਉਹ ਵੀ ਜੋਨੀ ਦੁਖ ਭੋਗਦਾ ਵਾਸਦੇਵ ਦੇ ਘਰ, ਦੇਵਕੀ ਦੀ ਕੁਖੋਂ ਜੰਮਿਆ ਸੀ। ਇਕ ਰੰਗ-ਰੰਗੀਲੇ ਪ੍ਰੇਮੀ-ਜਨ ਦੀ ਤਰ੍ਹਾਂ ਉਹ ਮੁਟਿਆਰ ਗੋਪੀਆਂ ਨਾਲ ਬਿੰਦ੍ਰਾਬਨ ਚਿ ਤੇ ਜਮਨਾ ਨਦੀ ਵਿਚ ਕਲੋਲਾਂ ਕਰਦਾ ਪ੍ਰੇਮ ਆਨੰਦ ਮਾਣਦਾ ਰਿਹਾ।

ਨਗਨ ਹੋਇ ਕਰ ਗੁਆਰਨ ਸਾਰੀ, ਕ੍ਰਿਸ਼ਨ ਪਾਸ ਚਲ ਆਈਆਂ, ਮਨ ਪਰਚਾਈਆਂ।
ਕਪੜੇ ਦੀਐ ਗੋਪੀਐ ਕੋ ਹਰਿ, ਮਨ ਮੈ ਤਬ ਹਰਖਾਈਆਂ, ਦੇਣ ਵਧਾਈਆਂ।
ਐਸੇ ਕਈ ਰੰਗ ਖੇਲੇ ਸਵਾਮੀ, ਚਾਰੇ ਬਨ ਮੈ ਗਾਈਆਂ, ਆਖ ਸੁਣਾਈਆਂ।
ਇਕ ਦਿਨ ਹਰਿ ਜੀ ਬਿੰਦ੍ਰਾਬਨ ਖੇਡੈ, ਸਖੀਆਂ ਰੰਗ ਸਵਾਈਆਂ, ਹਰਿ ਮਨ ਭਾਈਆਂ।੯੬।

(ਪੰਡਿਤ ਤੇਜਾ ਸਿੰਘ, ਕ੍ਰਿਸ਼ਨ ਨਾਮ)

## ਬਿਗਾਨਿਆਂ ਦੀਆਂ ਪਤਨੀਆਂ ਨਾਲ ਪ੍ਰੇਮ ਲੀਲ੍ਹਾ ਰਚਾਉਣ ਵਾਲਾ ਕਾਨ੍ਹ–

ਵਸਦੀਆਂ ਰਸਦੀਆਂ ਸੁਹਾਗ ਮਾਣਦੀਆਂ ਔਰਤਾਂ ਤੇ ਲੋਟੂ ਹੋਣ ਵਾਲੇ ਤੁਹਾਡੇ ਕ੍ਰਿਸ਼ਨ ਨੇ ਕੇਰਲਾ ਪਿੰਡ ਦੇ ਵਾਸੀ ਗੋਵਰਧਨ ਮਲ ਦੀ ਪਤਨੀ ਚੰਦ੍ਰਾਵਲਿ ਦੇ ਰੂਪ ਤੇ ਮਸਤ ਹੋ ਕੇ ਉਸ ਨੂੰ ਵਲ ਛਲ ਤੇ ਬਾਹੂ ਬਲ ਨਾਲ ਆਪਣੇ ਘਰ ਪਾ ਲਿਆ। ਇਹ ਇਕ ਕਾਮੀ ਮਨੁੱਖ ਦਾ ਚਰਿਤ੍ਰ ਪੇਸ਼ ਕਰਦਾ ਤੁਹਾਡਾ ਰੱਬ ਕ੍ਰਿਸਨ ਸੀ :

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ ॥

... ... ... (ਆਸਾ ਦੀ ਵਾਰ, ਮ: ੧, ਗੁਰੂ ਗ੍ਰੰਥ ਸਾਹਿਬ, ਪੰਨਾ ੪੭੦)

## ਕ੍ਰਿਸ਼ਨ ਇਕ ਸਾਧਾਰਨ ਮਨੁੱਖ ਸੀ–

ਸ਼ੇਸਾਦਰੀ ! ਤੇਰਾ ਕ੍ਰਿਸ਼ਨ ਭਗਵਾਨ ਮਿਹਰਾਂ ਦਾ ਖਜ਼ਾਨਾ ਨਹੀਂ ਹੈ, ਸਰਬ ਸਮਰੱਥ ਵਿਆਪਕ ਪ੍ਰਭੂ ਵੀ ਨਹੀਂ ਹੈ। ਉਹ ਤਾਂ ਸ਼ਿਕਾਰੀ ਦੇ ਤੀਰ ਦਾ ਨਿਸ਼ਾਨਾ ਬਣ ਕੇ ਤੜਪ ਤੜਪ ਕੇ ਮਰਿਆ ਸੀ। ਹੋਰਾਂ ਦੇ ਪਾਰ ਉਤਾਰਨ ਦੀ ਸਮਰੱਥਾ ਰੱਖਣ ਵਾਲੇ ਕੋਲੋਂ ਆਪਣੇ ਖ਼ਾਨਦਾਨ ਦੀ ਰਖਿਆ ਨਾ ਕਰ ਸਕਿਆ, ਆਪਣਾ ਸਰਵ-ਨਾਸ ਕਿਉਂ ਕਰਾਇਆ ? ਉਸ ਨੂੰ ਸੰਸਾਰ ਦਾ ਮੁੱਢ ਤੇ ਅਜੋਨੀ ਕਿਸੇ ਤਰ੍ਹਾਂ ਵੀ ਮੰਨਿਆ ਨਹੀਂ ਜਾ ਸਕਦਾ। ਉਹ ਤਾਂ ਮਾਤਾ ਦੇਵਕੀ ਦੀ ਕੁਖੋਂ ਪੈਦਾ ਹੋਇਆ ਕਿਰਤਮ ਜੀਵ ਹੈ। ਜਗਤ ਦੇ ਮਾਲਕ ਪਾਰਬ੍ਰਹਮ ਦਾ ਕੋਈ ਬਾਪ, ਕੋਈ ਮਾਤਾ ਨਹੀਂ ਹੈ। ਪਰ ਤੁਹਾਡੇ ਭਗਵਾਨ ਕ੍ਰਿਸ਼ਨ ਨੇ ਵਾਸਦੇਵ ਨੂੰ ਆਪਣਾ ਪਿਤਾ ਕਿਵੇਂ ਮੰਨ ਲਿਆ। ਹੋਸ਼ ਤੋਂ ਕੰਮ ਲਵੋ। ਵਾਸਦੇਵ ਸਿਰਫ ਯਾਦਵ-ਵੰਸੀ ਕ੍ਰਿਸ਼ਨ ਦਾ ਪਿਤਾ ਸੀ, 'ਬ੍ਰਹਮ' ਦਾ ਪਿਤਾ ਨਹੀਂ ! ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ੩੩ ਸਵਈਆਂ ਵਿਚ ਫੁਰਮਾਉਂਦੇ ਹਨ :

ਕਿਯੋਂ ਕਹੋ ਕ੍ਰਿਸ਼ਨ ਕ੍ਰਿਪਾਨਿਧਿ ਹੈ, ਕਿਹ ਕਾਜ ਤੇ ਬਧਿਕ ਬਾਣ ਲਗਾਯੋ ॥
ਅਉਰ ਕੁਲੀਨ ਉਧਾਰਤ ਜੋ, ਕਿਹ ਤੇ ਅਪਨੋ ਕੁਲ ਨਾਸ ਕਰਾਯੋ ॥
ਆਦਿ ਅਜੋਨਿ ਕਹਾਇ ਕਹੋ, ਕਿਮ ਦੇਵਕਿ ਕੇ ਜਠਰੰਤਰ ਆਯੋ ॥
ਤਾਤ ਨ ਮਾਤ ਕਹੈ ਜਿਹ ਕੋ, ਤਿਹ ਕਿਯੋਂ ਵਾਸੁਦੇਵਹਿ ਬਾਪ ਕਹਾਯੋ ॥੧੪॥


www.AKJ.Org

ਭਗਤ ਨਾਮਦੇਵ ਜੀ ਵੀ ਕ੍ਰਿਸ਼ਨ ਦੇ ਬਾਰੇ ਅਜਿਹੀ ਰਾਇ ਰਖਦੇ ਹਨ। ਉਹ ਵੀ ਕ੍ਰਿਸ਼ਨ ਦੀ ਸਰਬ ਸਮਰੱਥਾ ਤੇ ਪਾਰ-ਉਤਾਰਨ ਦੀ ਸ਼ਕਤੀ ਨੂੰ ਨਾ ਮੰਨਦੇ ਹੋਏ, ਉਸ ਦੀ ਲਾਚਾਰੀ ਨੂੰ ਪ੍ਰਗਟਾਉਂਦੇ ਹੋਏ ਲਿਖਦੇ ਹਨ :

ਦੁਰਬਾਸਾ ਜਿਉ ਕਰਤ ਠਗਉਰੀ, ਜਾਦਵ ਏ ਫਲ ਪਾਏ ॥
ਕ੍ਰਿਪਾ ਕਰੀ ਜਨ ਅਪੁਨੇ ਊਪਰ, ਨਾਮਦੇਉ ਹਰਿ ਗੁਨ ਗਾਏ ॥੪॥੧॥ (ਪੰਨਾ ੬੯੩)

**ਰਾਮ ਤੇ ਕ੍ਰਿਸ਼ਨ ਦੋ ਰਾਜੇ ਸਨ–**

ਰਾਮ ਤੇ ਕ੍ਰਿਸ਼ਨ ਸੰਸਾਰ ਤੇ ਦੋ ਰਾਜੇ ਹੋਏ ਹਨ। ਜੋ ਦਸਰਥ ਤੇ ਕੁਸ਼ਲਿਆ ਅਤੇ ਵਾਸਦੇਵ ਤੇ ਦੇਵਕੀ ਦੇ ਪੁਤਰ ਸਨ। ਆਪਣੀ ਆਪਣੀ ਚਲਾ ਕੇ ਅੰਤ ਮੌਤ ਦਾ ਸ਼ਿਕਾਰ ਹੋ ਗਏ। ਇਸ ਤੋਂ ਦਸਮ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਨੂੰ ਕੋਈ ਅਹਿਮੀਅਤ ਨਹੀਂ ਦਿੰਦੇ। ਹਜ਼ੂਰ ਪਾਤਸ਼ਾਹ ਫੁਰਮਾਉਂਦੇ ਹਨ :

ਜੌ ਕਹੋ ਰਾਮ ਅਜੋਨਿ ਅਜੈ, ਅਤਿ ਕਾਹੇ ਕਉ ਕੌਸਲ ਕੁੱਖ ਜਯੋ ਜੂ ॥
ਕਾਲ ਹੂ ਕਾਨ੍ਹ ਕਹੈ ਜਿਹ ਕੋ, ਕਿਹ ਕਾਰਣ ਕਾਲ ਤੇ ਦੀਨ ਭਯੋ ਜੂ ॥
ਸੰਤ ਸਰੂਪ ਬਿਬੈਰ ਕਹਾਇ, ਸੁ ਕਿਯੋਂ ਪੱਥ ਕੋ ਰਥ ਹਾਂਕ ਧਯੋ ਜੂ ॥
ਤਾਹੀ ਕੋ ਮਾਨ ਪ੍ਰਭੂ ਕਰਕੈ, ਜਿਹ ਕੋ ਕੋਊ ਭੇਦ ਨ ਲੇ ਨ ਲਯੋ ਜੂ ॥੧੩॥ (੩੩ ਸਵਈਏ)

ਰਾਮ ਤੇ ਕ੍ਰਿਸ਼ਨ ਕਿਰਤਮ ਜੀਵ ਹੋਣ ਕਰਕੇ ਜੂਨੀ ਦੁਖ ਭੋਗਦੇ ਜੰਗ ਤੇ ਵੈਰ-ਵਿਰੋਧ, ਲੜਾਈਆਂ ਝਗੜੇ ਕਰਦੇ ਅੰਤ ਮੌਤ ਦਾ ਖਾਜਾ ਹੋ ਗਏ। ਪ੍ਰਮਾਤਮਾ ਨਾ ਜੰਮਦਾ ਹੈ ਤੇ ਨਾ ਹੀ ਮਰਦਾ ਹੈ। ਉਸ ਦਾ ਮਾਂ-ਬਾਪ ਵੀ ਕੋਈ ਨਹੀਂ ਹੁੰਦਾ। ਸੋ ਰਾਮ ਤੇ ਕ੍ਰਿਸ਼ਨ ਨੂੰ ਰੱਬ ਕਿਸੇ ਵੀ ਤਰ੍ਹਾਂ ਨਹੀਂ ਮੰਨਿਆ ਜਾ ਸਕਦਾ। ਪੰਚਮ ਪਾਤਸ਼ਾਹ ਫੁਰਮਾਉਂਦੇ ਹਨ :

ਨਾ ਇਹੁ ਬਿਨਸੈ ਨਾ ਇਹੁ ਜਾਇ ॥ ਆਦਿ ਜੁਗਾਦੀ ਰਹਿਆ ਸਮਾਇ ॥੧॥
ਨਾ ਇਸੁ ਉਸਨੁ ਨਹੀ ਇਸੁ ਸੀਤੁ ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥
ਨਾ ਇਸੁ ਹਰਖੁ ਨਹੀ ਇਸੁ ਸੋਗੁ ॥ ਸਭੁ ਕਿਛੁ ਇਸ ਕਾ ਇਹੁ ਕਰਨੈਜੋਗੁ ॥੨॥
ਨਾ ਇਸੁ ਬਾਪੁ ਨਹੀ ਇਸੁ ਮਾਇਆ ॥ ਇਹੁ ਅਪਰੰਪਰੁ ਹੋਤਾ ਆਇਆ ॥
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥ ਘਟ ਘਟ ਅੰਤਰਿ ਸਦ ਹੀ ਜਾਗੈ ॥੩॥
(ਗੋਂਡ ਮ: ੫, ਪੰਨਾ ੮੬੮)

**ਦੁਰਗਾ–**

ਰਾਮ, ਕ੍ਰਿਸ਼ਨ ਤੇ ਹੋਰ ਦੇਵੀ-ਦੇਵਤਿਆਂ, ਅਵਤਾਰਾਂ ਦੀ ਤਰ੍ਹਾਂ ਦੁਰਗਾ ਵੀ ਗੁਰੂ ਸਾਹਿਬਾਨ ਦੀ ਪੂਜਯ ਇਸ਼ਟ ਨਹੀਂ ਹੈ, ਉਹ ਵੀ ਉਨ੍ਹਾਂ ਵਾਂਗ 'ਅਕਾਲ ਪੁਰਖ' ਦੀ ਸਿਫਤ-ਸਲਾਹ ਕਰਦੀ ਉਸ ਦਾ ਨਾਮ ਸਿਮਰਨ ਕਰ ਰਹੀ ਹੈ।

ਗਾਵਹਿ ਈਸਰੁ ਬਰਮਾ ਦੇਵੀ, ਸੋਹਨਿ ਸਦਾ ਸਵਾਰੇ ॥
ਗਾਵਹਿ ਇੰਦ ਇੰਦਾਸਣਿ ਬੈਠੇ, ਦੇਵਤਿਆਂ ਦਰਿ ਨਾਲੇ ॥੨੬॥ (ਜਪੁਜੀ ਸਾਹਿਬ)

ਦੁਰਗਾ ਸਮੇਤ ਅਕਾਲ ਪੁਰਖ ਨੇ ਕੋਟਾਨ ਕੋਟ ਦੇਵੀਆਂ ਪੈਦਾ ਕੀਤੀਆਂ ਹਨ, ਜੋ ਦਿਨ ਰਾਤ ਪਾਰਬ੍ਰਹਮ ਦੀ ਅਨੇਕ ਤਰ੍ਹਾਂ ਭਗਤੀ ਕਰ ਰਹੀਆਂ ਹਨ :

ਕੋਟਿ ਦੇਵੀ ਜਾ ਕਉ ਸੇਵਹਿ ਲਖਿਮੀ ਅਨਿਕ ਭਾਤਿ ॥
ਗੁਪਤ ਪ੍ਰਗਟ ਜਾ ਕਉ ਅਰਾਧਹਿ ਪਉਣ ਪਾਣੀ ਦਿਨਸੁ ਰਾਤਿ ॥੩॥ (ਮ: ੫, ਪੰਨਾ ੪੫੬)

ਦੁਰਗਾ ਪਾਰਬ੍ਰਹਮ ਦੀ ਪੈਦਾ ਕੀਤੀ ਕਿਰਤਮ ਵਸਤੂ ਹੈ। ਇਸ ਦੀ ਪੂਜਾ ਕਰਨ ਨਾਲ ਜੀਵ ਨੂੰ ਮੁਕਤੀ ਦੀ ਥਾਂ ਔਰਤ-ਜੂਨ ਪ੍ਰਾਪਤ ਹੁੰਦੀ ਹੈ। ਅਕਾਲ ਪੁਰਖ ਦਾ ਸਤਿ ਨਾਮ ਸਿਮਰਨ ਨਾਲ ਹੀ ਮਨੁਖ ਅਮਰ-ਪਦ ਨੂੰ ਪਹੁੰਚ ਸਕਦਾ ਹੈ। ਪਰ ਇਸ ਅਸਮਰਥਤਾ ਕਾਰਨ ਸ਼ਰਮਿੰਦੀ ਹੋਈ ਮੂੰਹ ਲੁਕੋਂਦੀ ਫਿਰਦੀ ਹੈ। ਭਗਤ ਨਾਮਦੇਵ ਜੀ ਇਸ



www.AKJ.Org

ਬਾਰੇ ਫੁਰਮਾਉਂਦੇ ਹਨ :

ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥
ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥ (ਪੰਨਾ ੮੭੪)

ਸੋ ਸ਼ੇਸਾਦਰੀ ਮਹਾ-ਮੰਤ੍ਰੀ ਜੀ ! ਗੁਰੂ ਸਾਹਿਬਾਨ ਨਾ ਤਾਂ ਦੇਵੀ-ਦੇਵਤਿਆਂ ਤੇ ਅਵਤਾਰਾਂ ਦੇ ਉਪਾਸ਼ਕ ਸਨ ਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦੀ ਮਹਿਮਾ ਗਾਇਨ ਕੀਤੀ ਗਈ ਹੈ। ਗੁਰੂ ਸਾਹਿਬਾਂਨ ਕੇਵਲ ਤੇ ਕੇਵਲ ਆਦਿ 'ਸੱਚ' ਦੇ ਅਰਾਧੂ ਸਨ ਤੇ ਉਸ ਦੇ 'ਸਤਿਨਾਮ' ਦਾ ਜਾਪ ਸਿਮਰਨ ਕਰਨ ਦੀ ਸਿਖਿਆ ਦ੍ਰਿੜ੍ਹਾਉਂਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਫ਼ ਤੇ ਸਿਰਫ਼ ਉਸੇ ਆਦਿ 'ਸੱਚ' ਦਾ ਹੀ ਪ੍ਰਕਾਸ਼ ਹੈ।

ਸੋ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਰਾਮ, ਕ੍ਰਿਸ਼ਨ ਤੇ ਦੁਰਗਾ ਨੂੰ ਕੱਢ ਦੇਈਏ ਤਾਂ ਬਾਕੀ ਨਿਰੋਲ ਤੇ ਨਿਰੋਲ, ਸਾਲਮ ਦਾ ਸਾਲਮ ਕੇਵਲ 'ਸੱਚ' ਬ੍ਰਹਮ ਹੀ ਬਚਿਆ ਰਹਿ ਜਾਵੇਗਾ, ਜੋ ਸਭ ਦਾ ਮੂਲ ਤੇ ਕਰਤਾ ਹੈ। ਜਿਸ ਦੇ ਅੱਗੇ ਤੇਰੇ ਰਾਮ, ਕ੍ਰਿਸ਼ਨ ਤੇ ਦੁਰਗਾ ਤੁਛ ਹਨ

ਨਾਨਕ ਨਿਰਭਉ ਨਿਰੰਕਾਰੁ, ਹੋਰਿ ਕੇਤੇ ਰਾਮ ਰਵਾਲ ॥
ਕੇਤੀਆ ਕੰਨ੍ ਕਹਾਣੀਆ, ਕੇਤੇ ਬੇਦ ਬੀਚਾਰ ॥੨॥੪॥

ਖਾਲਸਾ ਐਡਵੋਕੇਟ, ੨੧ ਅਗਸਤ ੧੯੮੭ (ਮ: ੧, ਆਸਾ ਦੀ ਵਾਰ, ਪੰਨਾ ੪੬੪)

# ਗੁ: ਤਪੋਬਨ ਕੁਮਾਰਹੱਟੀ ਵੀ ਸਾੜ ਫੂਕ ਦਿਤਾ ਗਿਆ

ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਇਹ ਰੀਪੋਰਟ ਭੇਜਦੇ ਹਨ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਗਰਮੀਆਂ ਦਾ ਤਪੋ-ਸਥਾਨ ਗੁਰਦੁਆਰਾ ਕੁਮਾਰਹੱਟੀ ਸ਼ਿਮਲਾ ਹਿਲਜ਼ (ਹਿਮਾਚਲ ਪਰਦੇਸ) ਬਸ-ਕਾਂਡਾਂ ਮਗਰੋਂ ਭੜਕੇ ਲੋਕਾਂ ਨੇ ੮ ਜੁਲਾਈ ਸ਼ਾਮ ਨੂੰ ਪੂਰੀ ਤਰ੍ਹਾਂ ਸਾੜ ਫੂਕ ਦਿਤਾ। ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸਰੂਪ, ਕਈ ਗੁਰਬਾਣੀ ਦੀਆਂ ਪੋਥੀਆਂ ਤੇ ਗੁਟਕੇ, ਰੁਮਾਲੇ, ਚੰਦੋਏ, ਪਾਲਕੀਆਂ, ਦਰੀਆਂ ਤੇ ਹੋਰ ਕਈ ਤਰ੍ਹਾਂ ਦੇ ਸਮਾਨ ਸਮੇਤ ਸਾੜ ਕੇ ਸੁਆਹ ਕਰ ਦਿਤੇ ਗਏ। ਗੁਰਦੁਆਰੇ ਸਾਹਿਬ ਦੇ ਦਰਵਾਜ਼ੇ, ਬਾਰੀਆਂ, ਅਲਮਾਰੀਆਂ ਆਦਿ ਸਮੇਤ ਬਰਾਂਡੇ ਤੇ ਛਤਾਂ ਆਦਿ ਸਭ ਮਿਟੀ ਦੇ ਢੇਰ ਬਣਾ ਦਿਤੇ ਗਏ। ਪਾਵਨ ਸਰੂਪਾਂ ਦਾ ਬੇਅਦਬੀ ਦੀ ਸਜ਼ਾ ਤਾਂ ਧਨ ਪਦਾਰਥ ਨਾਲ ਪੂਰੀ ਕੀਤੀ ਹੀ ਨਹੀਂ ਜਾ ਸਕਦੀ। ਬਾਕੀ ਨੁਕਸਾਨ ਸੱਠ ਹਜ਼ਾਰ ਰੁਪਏ ਦੇ ਕਰੀਬ ਪੜਤਾਲੀਆ ਕਮੇਟੀ ਨੇ ਦਸਿਆ ਹੈ।

ਹਿਮਾਚਲ ਪਰਦੇਸ ਦੀ ਸਰਕਾਰ ਨੂੰ ਦੋਸ਼ੀਆਂ ਨੂੰ ਪੂਰੀ ਪੂਰੀ ਸਜ਼ਾ ਦੇਣੀ ਚਾਹੀਦੀ ਹੈ ਅਤੇ ਇਸ ਹੋਏ ਨੁਕਸਾਨ ਨੂੰ ਪੂਰਾ ਕਰਨਾ ਚਾਹੀਦਾ ਹੈ ਅਤੇ ਅਗੋਂ ਤੋਂ ਅਜਿਹਾ ਕੁਝ ਹੋਣ ਤੋਂ ਰੋਕਣ ਲਈ ਯੋਗ ਪਰਬੰਧ ਕਰਨੇ ਚਾਹੀਦੇ ਹਨ।

# ਦੇਗ ਤਿਆਰ ਕਰਨ ਤੇ ਵਰਤਾਣ ਸੰਬੰਧੀ ਬੇਨਤੀ

ਸਮੂਹ ਅੰਮ੍ਰਿਤਧਾਰੀ ਗੁਰਸਿਖਾਂ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਦੇਗ ਸੰਬੰਧੀ ਪੁਰਾਤਨ ਮਰਯਾਦਾ ਨੂੰ ਮੁਖ ਰਖਦਿਆਂ ਹੋਇਆਂ,ਦੇਗ ਤਿਆਰ ਭੀ ਸਰਬ-ਲੋਹ ਦੇ ਬਰਤਨਾਂ ਵਿਚ ਕੀਤੀ ਜਾਣੀ ਜ਼ਰੂਰੀ ਹੈ ਅਤੇ ਵਰਤਾਉਣ ਲਗਿਆਂ ਭੀ ਸਰਬ-ਲੋਹ ਦੇ ਬਰਤਨ ਵਰਤਣੇ ਚਾਹੀਦੇ ਹਨ–ਪਿਤਲ, ਸਟੇਨਲੈਸ ਸਟੀਲ, ਬਾਲਟੀ ਅਤੇ ਟੱਬ ਦੀਆਂ ਧਾਤਾਂ ਦੀ ਵਰਤੋਂ ਕਰਨੀ ਠੀਕ ਨਹੀਂ ਹੈ। ਬਾਲਟੀਆਂ ਅਤੇ ਟੱਬਾਂ ਉਤੇ ਜਿਸਤ ਚੜ੍ਹੀ ਹੋਣ ਕਰਕੇ ਇਨ੍ਹਾਂ ਦਾ ਸਰਬ-ਲੋਹੀ ਪੱਖ ਅਲੋਪ ਰਹਿੰਦਾ ਹੈ।

ਦਾਸਰਾ–ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ



www.AKJ.Org

# ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ

[ ਪ੍ਰੋਫੈਸਰ ਜੋਗਿੰਦਰ ਸਿੰਘ ਜੀ ]

ਗੁਰਬਾਣੀ ਪ੍ਰਤੀ ਸਤਿਗੁਰਾਂ ਦਾ ਸਪੱਸ਼ਟ ਨਿਰਣਾ ਹੈ ਕਿ ਇਹ ਸਾਰੀ ਬਾਣੀ ਈਸ਼ਵਰ-ਕ੍ਰਿਤ ਹੈ, ਮਨੁੱਖੀ-ਕ੍ਰਿਤ ਨਹੀਂ। ਇਸੇ ਕਰਕੇ ਗੁਰਬਾਣੀ ਨੂੰ ਕਦੀ 'ਖਸਮ ਕੀ ਬਾਣੀ' ਆਖਿਆ ਜਾਂਦਾ ਹੈ, ਕਦੀ 'ਧੁਰ ਤੋਂ ਆਈ' ਸਵੀਕਾਰ ਕੀਤਾ ਜਾਂਦਾ ਹੈ ਤੇ ਕਦੀ 'ਹਰਿ ਕੇ ਦੁਆਰ' ਤੋਂ ਪ੍ਰਗਟ ਹੋਈ ਮੰਨਿਆ ਜਾਂਦਾ ਹੈ। ਗੁਰਬਾਣੀ ਦੇ ਪਾਠ, ਦਰਸ਼ਨ ਤੇ ਦੀਦਾਰ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਇਸ ਵਿਚ 'ਹਉ ਤੇ ਆਪੇ' ਦਾ ਕੋਈ ਅੰਸ਼ ਨਹੀਂ, ਸਾਰੀ ਬਾਣੀ ਪ੍ਰਭੂ-'ਹੁਕਮਾਉ' ਵਿਚੋਂ ਪ੍ਰਕਾਸ਼ਮਾਨ ਹੋਈ ਹੈ। 'ਹੁਕਮਾਉ' ਵਿਚ ਪ੍ਰਥਮਤਾ ਹਮੇਸ਼ਾ ਇਕ ਦੀ, ਸੱਚ ਦੀ, ਪ੍ਰੇਮ ਦੀ, ਸਮਦ੍ਰਿਸ਼ਟੀ ਦੀ, ਬਰਾਬਰਤਾ ਦੀ, ਸਦਭਾਵਨਾ ਦੀ, ਪਤਿ ਅਤੇ ਆਜ਼ਾਦੀ ਦੀ ਹੁੰਦੀ ਹੈ; ਇਸੇ ਕਰਕੇ ਗੁਰਬਾਣੀ ਦਾ ਸਾਰਾ ਮੰਡਲ ਵੀ ਇਨ੍ਹਾਂ ਅਧਿਆਤਮਿਕ ਤੇ ਆਦਰਸ਼ਕ ਕੀਮਤਾਂ ਨਾਲ ਸਿਰਜਿਆ-ਸੰਵਾਰਿਆ ਤੇ ਸ਼ਿੰਗਾਰਿਆ ਹੋਇਆ ਹੈ।

'ਬਾਣੀ' ਨੂੰ ਗੁਰੂ ਤੇ 'ਗੁਰੂ' ਨੂੰ ਬਾਣੀ ਕਹਿ ਕੇ 'ਗੁਰੂ-ਬਾਣੀ' ਵਿਚ ਗੁਰੂ-ਪਰੰਪਰਾ ਦੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਨੂੰ ਇਸ ਤਰ੍ਹਾਂ ਇਕਰੂਪ ਤੇ ਕੇਂਦਰਿਤ ਕਰ ਦਿਤਾ ਹੈ, ਕਿ 'ਗੁਰਬਾਣੀ' ਈਸ਼ਵਰ-ਸੱਚ, ਗੁਰੂ-ਪਰੰਪਰਾ ਦੇ ਗਿਆਨ-ਪ੍ਰਕਾਸ਼, ਸਿੱਖ ਸਿਧਾਂਤਾਂ ਤੇ ਸਿੱਖ ਰਹੁ-ਰੀਤਾਂ ਦਾ ਪੂਰਨ ਤੇ ਪ੍ਰਤੀਨਿਧ ਪ੍ਰਗਟਾਅ ਬਣ ਗਈ ਹੈ। ਗੁਰਬਾਣੀ ਦਾ ਸਾਰਾ ਮੰਡਲ ਏਕਤਾ, ਪਿਆਰ, ਬਰਾਬਰੀ, ਸਦਭਾਵਨਾ ਤੇ ਆਜ਼ਾਦੀ ਵਾਲਾ ਹੈ; ਵਰਨ-ਆਸ਼ਰਮ, ਜਾਤਿ-ਪਾਤਿ, ਰੂਪ-ਰੰਗ, ਰੇਖ-ਭੇਖ, ਉੱਤਮ-ਨੀਚ, ਅਮੀਰ-ਗਰੀਬ, ਸੁੱਚ-ਭਿੱਟ ਤੇ ਦੇਸ਼-ਪ੍ਰਦੇਸ਼ ਦੇ ਵੰਡ-ਵਿਤਕਰਿਆਂ ਤੇ ਵੈਰ-ਵਿਰੋਧ ਵਾਲਾ ਨਹੀਂ।

ਭਾਰਤੀ ਜੀਵਨ ਵਿਚ ਚਾਰਾਂ ਵਰਨਾਂ ਵਿਚ ਇਕ ਵੀ ਸਾਂਝਾ ਤੱਤ ਜਾਂ ਮੇਲ ਬਿੰਦੂ ਨਹੀਂ ਸੀ, ਜਿਸ ਨਾਲ ਕਦੀ ਚਾਰਾਂ ਵਰਨਾਂ ਵਿਚ ਏਕਤਾ. ਪਿਆਰ, ਬਰਾਬਰੀ ਤੇ ਸਦਭਾਵਨਾ ਦੀ ਸਾਂਝੀ ਜੋਤਿ ਜਗ ਸਕੇ। ਖੱਤਰੀ ਆਪਣੀ ਸੂਰਬੀਰਤਾ ਕਾਰਨ ਭਾਵੇਂ ਕਈ ਵਾਰੀ ਬ੍ਰਾਹਮਣ ਵਰਗ ਨੂੰ ਵੰਗਾਰਦਾ ਸੀ, ਪਰ ਬ੍ਰਾਹਮਣ ਤੇ ਸੂਦਰ ਵਿਚ ਤਾਂ ਇੰਨਾ ਫਰਕ ਪੈ ਗਿਆ ਸੀ ਕਿ ਜੇ ਬ੍ਰਾਹਮਣ ਮੰਦਰ, ਪੂਜਾ-ਪਾਠ ਤੇ ਗਿਆਨ-ਉਪਦੇਸ਼ ਦਾ ਅਧਿਕਾਰੀ ਸੀ ਤਾਂ 'ਸੂਦਰ' ਨਾ ਮੰਦਰ ਵਿਚ ਜਾ ਸਕਦਾ ਸੀ, ਨਾ ਪੂਜਾ-ਪਾਠ ਕਰ ਸਕਦਾ ਸੀ ਅਤੇ ਨਾ ਹੀ ਗਿਆਨ-ਉਪਦੇਸ਼ ਸੁਣਨ ਦਾ ਉਸ ਨੂੰ ਅਧਿਕਾਰ ਸੀ। ਇਥੋਂ ਤੱਕ ਕਿ ਸੰਸਕ੍ਰਿਤ ਬੋਲੀ ਸੁਣਨ, ਪੜ੍ਹਨ ਤੇ ਬੋਲਣ ਵਾਸਤੇ ਵੀ ਉਸ ਲਈ ਮਨਾਹੀ ਸੀ। ਪਾਣੀ ਭਰਨ ਲਈ ਖੂਹ ਵੀ ਸੂਦਰਾਂ ਦੇ ਵੱਖਰੇ ਸਨ। ਭਗਤੀ ਲਹਿਰ ਦਾ ਇਤਿਹਾਸ ਤੇ ਸਾਹਿੱਤ ਸਾਖੀ ਹੈ ਕਿ ਇਸ ਬ੍ਰਾਹਮਣੀ-ਜ਼ੁਲਮ ਤੇ ਜ਼ਿਆਦਤੀ ਦੀ 'ਪੀੜਾ' ਨਾਮਦੇਵ, ਰਵਿਦਾਸ, ਸੈਣ ਤੇ ਸਧਨਾ ਵਰਗੇ ਆਦਰਸ਼ਕ ਭਗਤਾਂ ਨੂੰ ਵੀ ਸਹਿਣੀ ਪਈ। ਭਗਤ ਨਾਮਦੇਵ ਦੀ ਪੀੜਾ ਤਾਂ ਜਗਤ ਪ੍ਰਸਿੱਧ ਹੈ :—

ਹਸਤ ਖੇਲਤ ਤੇਰੇ ਦੇਹੁਰੇ ਆਇਆ ॥ ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥ ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ਰਹਾਉ॥

ਭੈਰਉ ਨਾਮਦੇਉ ਜੀਉ, ੧੧੬੪

ਸੂਦੁ ਸੂਦੁ ਕਰਿ ਮਾਰਿ ਉਠਾਇਓ, ਕਹਾ ਕਰਉ ਬਾਪ ਬੀਠੁਲਾ ॥੧॥

[ਮਲਾਰ, ਪੰਨਾ ੧੨੯੨

ਭਗਤ ਕਬੀਰ ਤਾਂ ਬ੍ਰਾਹਮਣ ਦੀ ਉਚਤਾ ਤੇ ਅਧਿਕਾਰਾਂ ਨੂੰ ਸਿੱਧਾ ਵੰਗਾਰਦਾ ਹੈ :—

ਗਰਭਵਾਸ ਮਹਿ ਕੁਲੁ ਨਹੀ ਜਾਤੀ ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੁਏ ॥ ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ਰਹਾਉ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ ਤਉ ਆਨ ਬਾਟ ਕਾਹੇ ਨਹੀ ਆਇਆ ॥੨॥



www.AKJ.Org

ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲੋਹੂ ਤੁਮ ਕਤ ਦੂਧ ॥੩॥

[ਗਉੜੀ, ਕਬੀਰ ਜੀ, ਪੰਨਾ ੩੨੪

ਅਰਥਾਤ ਮਾਂ ਦੇ ਗਰਭ ਵਿਚ ਤਾਂ ਕਿਸੇ ਦੀ ਕੋਈ ਜਾਤਿ ਨਹੀਂ ਹੁੰਦੀ। ਜਨਮ ਦਾ ਮੂਲ ਵੀ ਇਕੋ ਹੈ ਤੇ ਸਭ ਦਾ ਰਾਹ ਵੀ। ਫਿਰ 'ਸੂਦਰ' ਲਹੂ ਕਿਵੇਂ ਹੋ ਗਿਆ ਤੇ 'ਬ੍ਰਾਹਮਣ' ਦੁੱਧ ਦਾ ਪ੍ਰਤੀਕ ਕਿਵੇਂ ਬਣ ਗਿਆ? ਨਿਸਚੇ ਹੀ ਭਗਤੀ ਲਹਿਰ ਦੇ ਆਗੂ ਭਗਤਾਂ ਤੇ ਸੰਤਾਂ ਨੇ ਪਹਿਲੀ ਵਾਰੀ ਵਰਗ-ਵੰਡ ਤੇ ਜਾਤੀ-ਵਿਤਕਰਿਆਂ ਵਿਰੁੱਧ ਭਾਰਤੀ ਲੋਕਾਂ ਨੂੰ ਏਨਾ ਕੁ ਤਿਆਰ ਕਰ ਦਿੱਤਾ ਕਿ ਉਹ ਜਨਮ-ਜਾਤਿ, ਰੂਪ-ਰੰਗ, ਰੇਖ-ਭੇਖ, ਉੱਤਮ-ਨੀਚ, ਸੁੱਚ-ਭਿਟ ਤੇ ਦੇਸ-ਪ੍ਰਦੇਸ ਦੇ ਵਿਤਕਰਿਆਂ ਨੂੰ ਜਿਥੇ ਮੰਨਣ ਤੋਂ ਇਨਕਾਰੀ ਹੋਣ ਲੱਗ ਪਿਆ ਉਥੇ ਉਹ ਏਕਤਾ, ਪਿਆਰ, ਬਰਾਬਰੀ, ਸਦਭਾਵਨਾ ਤੇ ਅਖੰਡਤਾ ਦੀਆਂ ਸੁੱਚੀਆਂ ਤੇ ਸੱਚੀਆਂ ਕੀਮਤਾਂ ਨੂੰ ਵੀ ਉਭਾਰਨ ਲੱਗ ਪਿਆ।

ਗੁਰੂ-ਕਾਲ, ਗੁਰੂ-ਪਰੰਪਰਾ ਤੇ ਗੁਰੂ ਬਾਣੀ ਦੀ ਵਿਆਪਕ ਤੇ ਵਿਲੱਖਣ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਨੇ ਮੰਨੂੰ ਦੇ 'ਜਾਤਿ' ਤੇ ਜਾਤੀ-ਵੰਡ ਤੋਂ ਉਪਜਣ ਵਾਲੇ ਕਿਸੇ ਵੀ ਵਰਗ-ਵਿਤਕਰੇ, ਪਦਵੀ, ਅਧਿਕਾਰ ਤੇ ਭਿੱਟ-ਭਰਮ ਨੂੰ ਨਾ ਮੰਨਿਆ ਹੈ ਅਤੇ ਨਾ ਹੀ ਨਿੰਦਾ-ਨਿਖੇਧੀ ਤੋਂ ਬਖਸ਼ਿਆ ਹੈ। ਗੁਰਬਾਣੀ ਦੀ ਵਿਆਪਕ ਤੇ ਪ੍ਰਧਾਨ ਸੁਰ ਭਾਰਤੀ-ਪਰੰਪਰਾ ਅਨੁਸਾਰ ਏਕਤਾ, ਪਿਆਰ, ਬਰਾਬਰੀ, ਸਦਭਾਵਨਾ ਤੇ ਆਜ਼ਾਦੀ ਦੀ ਸੁਰ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਏਕਤਾ ਪਿਆਰ, ਬਰਾਬਰੀ ਤੇ ਸਦਭਾਵਨਾ ਦੀ ਸੁਰ ਨੂੰ ਬਲ ਦੇਣ ਤੇ ਬੁਲੰਦ ਕਰਨ ਵਾਸਤੇ ਹੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਤੇ ਸਿਰਜਣਾ ਕੀਤੀ ਸੀ। ਇਸ ਸਦਭਾਵਨਾ-ਸੁਰ ਦੀ ਸਭ ਤੋਂ ਵੱਧ ਦੋਖੀ-ਸ਼ਕਤੀ 'ਜਾਤਿ-ਵੰਡ' ਸੀ। ਇਹ, ਕਾਰਨ ਹੈ ਕਿ ਗੁਰਬਾਣੀ ਵਿਚ 'ਜਾਤਿ' ਦੀ ਸੰਕਲਪ ਵਜੋਂ ਵੀ ਨਿੰਦਾ-ਨਿਖੇਧੀ ਹੈ ਤੇ ਜਾਤਿ-ਕਰਮ ਤੋਂ ਧਾਰਮਿਕ ਸਮਾਜਿਕ, ਆਰਥਿਕ ਤੇ ਸਭਿਆਚਾਰਕ ਜੀਵਨ ਵਿਚ ਉਪਜੇ ਵੰਡ-ਵਿਤਕਰਿਆਂ ਦੀ ਵੀ ਰੱਜ ਕੇ ਨਿੰਦਾ ਕੀਤੀ ਹੈ।

ਗੁਰਬਾਣੀ ਦਾ ਸਪੱਸ਼ਟ ਨਿਰਣਾ ਹੈ ਕਿ ਜਗਤ-ਜੀਵਾਂ ਦਾ ਜਨਮ-ਕਰਤਾ ਤੇ ਸਿਰਜਣਹਾਰ ਇਕ ਪ੍ਰਮੇਸ਼ਵਰ ਹੈ, ਉਸ ਨੂੰ ਅੱਲ੍ਹਾ ਕਹਿ ਲਉ ਜਾਂ ਰਾਮ ਕਹਿ ਲਉ। ਸਾਰੀ ਮਾਨਸ ਜਾਤਿ ਵਿਚ ਪ੍ਰਮੇਸ਼ਵਰ-ਜੋਤਿ ਹੀ ਵਿਆਪਕ ਹੈ ਤੇ ਉਸ ਜੋਤਿ ਕਰਕੇ ਹੀ ਉਹ ਜੀਵੰਤ ਹੈ। ਜਦੋਂ ਸਾਰੇ ਜਗਤ-ਜੀਵਾਂ ਦਾ ਕਰਤਾ-ਪ੍ਰਮੇਸ਼ਵਰ ਇਕ ਹੈ, ਜਿਸ ਦੀ ਆਪਣੀ ਵੀ ਕੋਈ ਜਾਤਿ ਨਹੀਂ, ਫਿਰ ਜਾਤਿ ਕਾਰਨ ਨਾ ਕੋਈ ਉੱਤਮ ਹੋ ਸਕਦਾ ਹੈ ਅਤੇ ਨਾ ਹੀ ਨੀਚ। ਗੁਰਬਾਣੀ ਦੇ ਪ੍ਰਮਾਣ ਹਨ :—

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥

[ਪ੍ਰਭਾਤੀ, ਪੰਨਾ ੧੩੪੯

ਸਭ ਮਹਿ ਜੋਤਿ ਜੋਤਿ ਹੈ ਸੋਇ ॥ [ਪੰਨਾ ੧੩

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ॥ [ਆਸਾ ਦੀ ਵਾਰ, ਪੰਨਾ ੪੬੯

ਨ ਸੱਤ੍ਰੈ ਨ ਮਿਤ੍ਰੈ ॥......ਨ ਜਾਤੈ ਨ ਪਾਤੈ ॥੧੪੮॥

[ਜਾਪ ਸਾਹਿਬ, ਸ੍ਰੀ ਮੁਖਵਾਕ ਪਾ: ੧੦

ਨਾਨਕ ਉਤਮੁ ਨੀਚੁ ਨ ਕੋਇ ॥੩੩॥ [ਜਪੁਜੀ

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥੧੫॥੮੫॥ [ਅਕਾਲ ਉਸਤਤਿ, ਪਾ: ੧੦

ਗੁਰਬਾਣੀ ਨੇ ਜਾਤਿ-ਪਾਤਿ ਦੀ ਵੰਡ-ਰੇਖਾ ਨੂੰ ਝੂਠੀ ਤੇ ਫਜ਼ੂਲ ਦਸਿਆ ਹੈ :—

ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕੋ ਛਾਉ ॥੧॥ (੩)

[ਸਲੋਕ ਮ: ੧, ਪੰਨਾ ੮੩

ਜਾਤਿ ਦਾ ਅਭਿਮਾਨ ਤੇ ਜਾਤਿ ਕਰਕੇ ਵਡਿਆਈ ਦਾ ਮਾਣ ਵੀ ਐਵੇਂ ਇਕ ਭਰਮ ਹੈ, ਕਿਉਂਕਿ ਸਾਰਿਆਂ ਜੀਵਾਂ ਦਾ ਆਸਰਾ ਇਕੋ ਪ੍ਰਮਾਤਮਾ ਹੈ। ਪ੍ਰਮਾਤਮਾ ਦੇ ਹਜ਼ੂਰ ਜਾਤਿ ਦਾ ਕੋਈ ਜ਼ੋਰ ਨਹੀਂ ਚਲਦਾ :—



www.AKJ.Org

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥ ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੋਇ ॥੩॥੧੧॥
[ਆਸਾ ਦੀ ਵਾਰ, ਪੰਨਾ ੪੬੯

ਸਾਰਿਆਂ ਵਿਚ ਪ੍ਰਭੂ-ਜੋਤਿ ਨੂੰ ਵੇਖੋ, ਕਿਸੇ ਦੀ ਜਾਤਿ ਨਾ ਪੁਛੋ, ਕਿਉਂਕਿ ਪ੍ਰਭੂ-ਦਰਬਾਰ ਵਿਚ ਜਾਤਿ ਦੀ ਕਦਰ ਹੋਂਦ ਨਹੀਂ :—ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥੧॥ਰਹਾਉ॥ [ਆਸਾ ਮ: ੫, ਪੰਨਾ ੩੪੯

ਜਾਤਿ ਨੂੰ ਜਨਮ ਨਾਲ ਜੋੜ ਕੇ ਮਨੁੱਖ ਵੱਡੇ-ਨੀਵੇਂ ਹੋਣ ਦਾ ਫ਼ਰਕ ਮੰਨ ਲੈਂਦਾ ਸੀ। ਗੁਰਬਾਣੀ ਨੇ ਆਖਿਆ ਕਿ ਜਾਤਿ ਦੀ ਸੱਚ ਦੇ ਘਰ ਵਿਚ ਕੋਈ ਪੁਛ-ਪ੍ਰਤੀਤ ਨਹੀਂ। ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਹੀ ਉਸ ਦੀ ਜਾਤਿ ਤੇ ਪਾਤਿ ਬਣ ਜਾਂਦੀ ਹੈ ;—

ਜਾਤਿ ਜਨਮੁ ਨਹ ਪੁਛੀਐ ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥੪॥੧੦॥ [ਪ੍ਰਭਾਤੀ ਮ: ੧, ਪੰਨਾ ੧੩੩੦
ਆਗੈ ਜਾਤਿ ਰੂਪੁ ਨ ਜਾਇ ॥ ਤੇਹਾ ਹੋਵੈ ਜੇਹੇ ਕਰਮ ਕਮਾਇ ॥੪॥੮॥੪੭॥ [ਆਸਾ ਮ: ੩, ਪੰਨਾ ੩੬੩

ਗੁਰਬਾਣੀ ਨੇ ਜਾਤਿ-ਪਾਤਿ ਦਾ ਪ੍ਰਚਾਰ ਕਰਨ ਵਾਲੇ ਬ੍ਰਾਹਮਣ ਨੂੰ ਸੰਬੋਧਨ ਕਰਦਿਆਂ ਬੜੇ ਤਰਕ ਨਾਲ ਆਖਿਆ ਕਿ 'ਜਾਤਿ' ਦਾ ਗਰਬ ਕਰਨ ਦੀ ਲੋੜ ਨਹੀਂ, ਗਰਬ ਕਰਨ ਵਾਲਾ ਤਾਂ ਮੂਰਖ ਗਵਾਰ ਹੀ ਹੈ। ਅਸਲ ਬ੍ਰਾਹਮਣ ਤਾਂ ਉਹ ਹੈ, ਜਿਹੜਾ ਬ੍ਰਹਮ ਨੂੰ ਜਾਣਦਾ ਹੈ ਜਾਂ ਬ੍ਰਹਮ ਗਿਆਨੀ ਹੈ :-

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥ [ਭੈਰਉ ਮ: ੩, ਪੰਨਾ ੧੧੨੮
ਸੋ ਬ੍ਰਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥ [ਧਨਾਸਰੀ ਮ: ੧, ਪੰਨਾ ੬੬੨

ਰਾਜ-ਅਧਿਕਾਰੀ ਬਹੁਤੇ ਖੱਤਰੀ ਹੀ ਹੁੰਦੇ ਸਨ। ਖੱਤਰੀ-ਕੁਲ ਵਿਚੋਂ ਜਨਮ ਲੈ ਕੇ ਉਹ ਖੱਤਰੀ ਬਣ ਜਾਂਦਾ ਸੀ। ਗੁਰਬਾਣੀ ਨੇ ਖੱਤਰੀ ਅਭਿਆਸ ਨੂੰ ਵੀ ਤੋੜਿਆ ਤੇ ਆਖਿਆ ਕਿ ਖੱਤਰੀ ਉਹ ਹੈ, ਜਿਹੜਾ 'ਕਰਮਾਂ' ਦਾ ਸੂਰਮਾ ਹੈ, ਅਨਿਆਂ ਵਿਰੁੱਧ ਲੜਦਾ ਹੈ, ਪਰਜਾ ਦੀ ਰੱਖਿਆ ਲਈ ਕੁਰਬਾਨੀ ਵੀ ਦੇ ਦਿੰਦਾ ਹੈ—

ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥
ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥੧੭॥ [ਮ: ੧, ਪੰਨਾ ੧੪੧੧

ਗੁਰਬਾਣੀ ਦਾ ਸਪਸ਼ੱਟ ਨਿਰਣਾ ਹੈ ਕਿ ਭਗਤ ਜਨਾਂ ਦੀ ਜਾਤ-ਪਾਤਿ ਇਕੋ ਨਾਮ ਹੈ, ਹੋਰ ਕੋਈ ਜਨਮ ਤੋਂ ਜਾਤਿ ਨਹੀਂ ਹੁੰਦੀ :—ਭਗਤਾਂ ਕੀ ਜਾਤਿ ਪਾਤਿ ਏਕੋ ਨਾਮੁ ਹੈ ਆਪੇ ਲਏ ਸਵਾਰਿ ॥੮॥੩੬॥
[ਆਸਾ ਮ: ੩, ਪੰਨਾ ੪੨੯

ਗੁਰਮਤਿ ਦੀ ਸ਼ਬਦ-ਵੀਚਾਰ ਕਰਨ ਨਾਲ ਮਨੁੱਖ ਦੇ ਅੰਦਰੋਂ ਜਾਤਿ, ਵਰਨ ਤੇ ਕੁਲ ਦਾ ਸੰਸਾ-ਭਰਮ ਖ਼ਤਮ ਹੋ ਜਾਂਦਾ ਹੈ। ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਵੀਚਾਰੀ ॥
[ਸਾਰੰਗ ਮ: ੧, ਪੰਨਾ ੧੧੯੮

'ਗੁਰਬਾਣੀ ਵਿਚ 'ਜਾਤਿ' ਦਾ ਸਰੂਪ, ਉਸ ਤੋਂ ਮੁਕਤ ਹੋਣ ਦਾ ਸਾਧਨ ਤੇ ਉਸ ਤੋਂ ਬਾਅਦ ਜੋਤਿ ਸਰੂਪ ਭਗਵਾਨ ਦੇ ਮਿਲਾਪ ਦਾ ਚਿੱਤਰ ਵੀ ਉਲੀਕਿਆ ਹੋਇਆ ਹੈ :-

ਹਉਮੈ ਮੇਰਾ ਜਾਤਿ ਹੈ ਅਤਿ ਕ੍ਰੋਧੁ ਅਭਿਮਾਨੁ ॥
ਸਬਦਿ ਮਰੈ ਤਾਂ ਜਾਤਿ ਜਾਇ ਜੋਤੀ ਜੋਤਿ ਮਿਲੈ ਭਗਵਾਨੁ ॥੨॥ [ਆਸਾ ਮ: ੩, ਪੰਨਾ ੪੨੯

ਗੁਰਬਾਣੀ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ 'ਪ੍ਰਭੂ' ਨੂੰ ਧਿਆਉਣ ਨਾਲ ਜਿਥੇ ਹਰ ਜਾਤੀ ਦਾ ਮਨੁੱਖ ਇਕ ਸੰਪੂਰਨ ਮਾਨਸ ਬਣ ਜਾਂਦਾ ਹੈ, ਉਥੇ 'ਨੀਚ' ਵੀ ਉੱਤਮ ਪਦਵੀ ਦੀ ਪ੍ਰਾਪਤੀ ਵਾਸਤੇ ਸਮਰੱਥ ਹੋ ਜਾਂਦਾ ਹੈ :-

ਜਾਤਿ ਅਜਾਤਿ ਕੋਈ ਪ੍ਰਭੂ ਧਿਆਵੈ ਸਭਿ ਪੂਰੇ ਮਾਨਸ ਤਿਨਛੇ ॥
[ਬਸੰਤ ਮ: ੪, ਪੰਨਾ ੧੧੭੮
ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥ [ਸੂਹੀ ਮ: ੪, ਪੰਨਾ ੭੩੩

ਅਜੀਤ, ੬-੭-੮੭



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ

[ਡਾਕਟਰ ਤਾਰਨ ਸਿੰਘ ਜੀ]

ਸਿਖ ਧਰਮ ਦੀ ਸੰਸਾਰ ਨੂੰ ਇਕ ਵਿਸ਼ੇਸ਼ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ 'ਪ੍ਰਗਟ ਗੁਰੂ' ਦਾ ਸਰੀਰਕ ਤੇ ਵਿਚਾਰਾਤਮਿਕ ਸਰੂਪ ਕਾਇਮ ਕਰਨ ਵਿਚ ਗੁਰੂ ਸਾਹਿਬਾਨ ਤੇ ਭਗਤਾਂ ਦੇ ਨਾਲ ਵਿਸ਼ੇਸ਼ ਹਿੱਸਾ ਗੁਰੂ ਅਰਜਨ ਸਾਹਿਬ ਦਾ ਹੈ। ਗੁਰੂ ਅਰਜਨ ਸਾਹਿਬ ਨੇ ਹੀ ਇਸ ਮਹਾਨ ਗ੍ਰੰਥ ਦੀ ਬੀੜ ਬੰਨ੍ਹੀ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਨੂੰ 'ਮੁੰਦਾਵਣੀ' ਦੇ ਸ਼ਬਦ ਵਿਚ ਇਸ ਤਰ੍ਹਾਂ ਅੰਕਿਤ ਕੀਤਾ :–

ਥਾਲ ਵਿਚਿ ਤਿੰਨਿ ਵਸਤੂ ਪਈਓ, ਸਤੁ ਸੰਤੋਖੁ ਵੀਚਾਰੋ ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ, ਜਿਸ ਕਾ ਸਭਸੁ ਅਧਾਰੋ ॥ ਜੇ ਕੋ ਖਾਵੈ ਜੇ ਕੋ ਭੁੰਚੈ, ਤਿਸ ਕਾ ਹੋਇ ਉਧਾਰੋ ॥ ਏਹ ਵਸਤੁ ਤਜੀ ਨਹ ਜਾਈ, ਨਿਤ ਨਿਤ ਰਖੁ ਉਰਿ ਧਾਰੋ ॥ ਤਮ ਸੰਸਾਰੁ ਚਰਨ ਲਗਿ ਤਰੀਐ, ਸਭੁ ਨਾਨਕ ਬ੍ਰਹਮ ਪਸਾਰੋ ॥੧॥ (ਪੰਨਾ ੧੪੨੯)

'ਮੁੰਦਾਵਣੀ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦਾ ਐਲਾਨ ਹੈ। ਖੁਲ੍ਹੇ ਜਿਹੇ ਰੂਪ ਵਿਚ ਇਸ ਐਲਾਨ ਦਾ ਭਾਵ ਇਹ ਹੈ, ਸ੍ਰੀ ਗੁਰੂ ਅਰਜਨ ਸਾਹਿਬ ਫੁਰਮਾਉਂਦੇ ਹਨ ਕਿ :–

(੧) ਸੰਸਾਰ ਨੂੰ ਤੀਬਰ ਭੁਖ ਲਗੀ ਸੀ। ਇਹ ਭੁਖ 'ਉਧਾਰ' ਦੀ ਇੱਛਾ ਦੀ ਸੀ। ਸੰਸਾਰ ਦਾ ਹਰ ਪ੍ਰਾਣੀ ਚਾਹੁੰਦਾ ਹੈ ਕਿ ਉਸ ਦਾ ਉਧਾਰ ਹੋਵੇ। 'ਉਧਾਰ' ਦਾ ਭਾਵ ਹੈ ਕਿ ਉਹ ਆਪਣੀ ਉਚਤਮ ਹੋਣੀ ਤੀਕ ਪੁਜ ਸਕੇ, ਜਿਸ ਦੀ ਸੰਭਾਵਨਾ ਉਸ ਵਿਚ ਰਖੀ ਹੈ। ਹਰ ਮਨੁਖ ਚਾਹੁੰਦਾ ਹੈ ਕਿ ਉਹ ਵਧ ਤੋਂ ਵਧ ਉਨਤੀ ਕਰੇ ਤੇ ਉਚੇ ਤੋਂ ਉਚਾ ਜਾ ਸਕੇ। ਮਨੁਖ ਸਰੀਰਕ, ਪਦ ਰਥਕ, ਆਰਥਕ, ਮਾਨਸਕ, ਬੌਧਿਕ ਤੇ ਆਤਮਕ ਉਨਤੀ ਚਾਹੁੰਦਾ ਹੈ। ਇਹ ਹੈ 'ਉਧਾਰ' ਦਾ ਸਿਧਾਂਤ।

(੨) ਪਰ ਸੰਸਾਰ ਵਿਚ ਅੰਧੇਰਾ ਤੇ ਅਗਿਆਨਤਾ ਹੈ, 'ਤਮ ਸੰਸਾਰੁ' ਹੈ। ਉਸ ਨੂੰ ਪਤਾ ਨਹੀਂ ਕਿ ਉਹ ਆਪਣੀ 'ਉਧਾਰ' ਦੀ ਭੁਖ ਨੂੰ ਕਿਵੇਂ ਦੂਰ ਕਰ ਸਕਦਾ ਹੈ। ਸਾਰੇ ਸੰਸਾਰ ਵਿਚ 'ਉਧਾਰ' ਲਈ ਇਛਾ ਹੈ, ਪਰ ਉਸ ਨੂੰ 'ਉਧਾਰ'ਪ੍ਰਾਪਤੀ ਦੇ ਸਾਧਨਾਂ ਦਾ ਪਤਾ ਨਹੀਂ ਹੈ। ਸਾਰਾ ਸੰਸਾਰ ਅਗਿਆਨਤਾ ਦੇ ਅੰਧੇਰੇ ਵਿਚ ਭਟਕ ਰਹਿਆ ਹੈ।

(੩) ਮੈਂ (ਗੁਰੂ ਅਰਜਨ ਸਾਹਿਬ ਨੇ) ਸੰਸਾਰ ਦੀ ਭੁਖ (ਉਧਾਰ ਲਈ ਭੁਖ) ਦੀ ਤ੍ਰਿਪਤੀ ਲਈ ਇਕ ਬਹੁਮੁਲੇ ਖਾਣੇ ਦਾ 'ਥਾਲ' "ਥਾਲ ਵਿਚਿ ਤਿੰਨਿ ਵਸਤੂ ਪਈਓ" ਪਰੋਸ ਕੇ ਸੰਸਾਰ ਦੇ ਸਾਹਮਣੇ ਰਖ ਦਿਤਾ ਹੈ। ਇਹ ਥਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਹ ਗ੍ਰੰਥ ਸੰਸਾਰ ਦੀ ਭੁੱਖ ਦੂਰ ਕਰ ਸਕਦਾ ਹੈ, ਉਸ ਨੂੰ 'ਉਧਾਰ' ਦਾ ਰਸਤਾ ਦਸ ਕੇ।

(੪) ਮੇਰਾ ਵਿਸ਼ਵਾਸ ਹੈ (ਗੁਰੂ ਅਰਜਨ ਸਾਹਿਬ ਕਹਿੰਦੇ ਹਨ) ਕਿ ਜੋ ਕੋਈ ਪ੍ਰਾਣੀ ਇਸ ਥਾਲ ਵਿਚ ਪਰੋਸੀ ਵਸਤੂ ਨੂੰ ਖਾ ਜਾਏ ਅਤੇ ਪਚਾ ਜਾਏ, ਉਸ ਦਾ 'ਉਧਾਰ' ਜ਼ਰੂਰ ਹੋਵੇਗਾ। ਉਹ ਉਚੀ ਤੋਂ ਉਚੀ ਅਵਸਥਾ ਤੀਕ ਅਵੱਸ਼ ਪੁਜੇਗਾ–"ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ"। ਨਾਲ ਮੇਰਾ ਦਾਅਵਾ ਹੈ ਕਿ "ਏਹ ਵਸਤੁ ਤਜੀ ਨਾ ਜਾਈ", ਭਾਵ, ਸੰਸਾਰ ਦਾ ਕਦੇ 'ਉਧਾਰ' ਨਹੀਂ ਹੋ ਸਕਦਾ ਜੇ ਉਹ ਇਸ ਮਹਾਨ ਥਾਲ ਵਿਚ ਪਰੋਸੀ ਵਸਤੂ ਨੂੰ ਖਾ ਕੇ ਪਚਾ ਨਹੀਂ ਲੈਂਦਾ। ਇਸ ਵਸਤੂ ਦਾ ਤਿਆਗ ਆਪਣੇ ਆਪ ਲਈ ਖ਼ਤਰਾ ਮੁਲ ਲਏ ਬਿਨਾਂ ਨਹੀਂ ਕਰ ਸਕਦਾ। ਇਹ ਵਸਤੂ ਐਸੀ ਹੈ ਕਿ ਸਦੀਵ ਕਾਲ ਇਸ ਨੂੰ ਅੰਗੀਕਾਰ ਕਰਨਾ ਪਏਗਾ ਅਤੇ ਹਿਰਦੇ ਵਿਚ ਇਸ ਨੂੰ ਰਖਣਾ ਪਏਗਾ–' ਨਿਤ ਨਿਤ ਰਖੁ ਉਰਿਧਾਰੋ"। ਇਸ ਗ੍ਰੰਥ ਦੀ ਚਰਨੀ ਲਗਣ ਨਾਲ ਹੀ 'ਉਧਾਰ' ਹੋਣਾ ਹੈ 'ਚਰਨ ਲਗਿ ਤਰੀਐ'।

(੫) ਥਾਲ ਵਿਚ ਪਈ ਵਸਤੂ ਕੀ ਹੈ ? ਗੁਰੂ ਸਾਹਿਬ ਦਸਦੇ ਹਨ ਕਿ ਇਹ ਖਾਣਾ ਤਿੰਨ ਚੀਜ਼ਾਂ ਦਾ ਤਿਆਰ ਕੀਤਾ ਹੈ–ਸਤ ਦਾ ਵੀਚਾਰ, ਸੰਤੋਖ ਦਾ ਵੀਚਾਰ ਅਤੇ ਅੰਮ੍ਰਿਤ ਨਾਮ ਦਾ ਵੀਚਾਰ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਚਾਈ; ਸੰਤੋਖੀ ਜੀਵਨ ਅਤੇ ਨਾਮ-ਭਗਤੀ ਜੀਵਨ ਦੇ ਵੀਚਾਰ ਦ੍ਰਿੜ੍ਹ ਕਰਾਏ ਹਨ। ਇਹ ਤਿੰਨੇ ਵੀਚਾਰ ਇਸ ਅਸੂਲ ਦੇ ਅਧੀਨ ਹਨ–'ਸਭੁ ਨਾਨਕ ਬ੍ਰਹਮ ਪਸਾਰੋ'। ਸਤ, ਸੰਤੋਖ ਤੇ ਨਾਮ ਨੇ ਸੰਸਾਰ ਦਾ 'ਉਧਾਰ' ਕਰਨਾ ਹੈ ਅਤੇ ਉਸ ਦੀ ਭੁਖ ਨੂੰ ਤ੍ਰਿਪਤ ਕਰਨਾ ਹੈ। ਇਸ ਭੋਜਨ ਤੋਂ ਬਿਨਾਂ ਸੰਸਾਰ ਰਹਿ ਹੀ ਨਹੀਂ ਸਕਦਾ।

ਇਹ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦਾ ਐਲਾਨ।

www.AKJ.Org

# ਸਿੱਖ ਦੇ ਨਿਆਰੇਪਣ ਨੂੰ ਵੰਗਾਰਨ ਦਾ ਸਿੱਟਾ

[ਸ: ਨਰੈਣ ਸਿੰਘ ਜੀ ਐਮ. ਏ., ਸਕੱਤਰ, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਸਿਖ ਵਿਚਾਰਧਾਰਾ ਦੇ ਸੰਕਲਪ, ਯਥਾ ਇਕੋ ਇਕ ਨਿਰੰਕਾਰ ਦੀ ਉਪਾਸ਼ਨਾ ਤੇ ਗੁਰ ਸ਼ਬਦ ਦਾ ਪਰਚਾ, ਸਰਬ ਸਾਂਝੀਵਾਲਤਾ ਤੇ ਮਨੁਖੀ ਸਮਾਨਤਾ, ਵਿਚੇ ਗ੍ਰਿਹਿ ਉਦਾਸ ਅਤੇ ਸੰਤ ਸਿਪਾਹੀ ਦਾ ਸਰੂਪ ਤੇ ਲਖਸ਼ ਏਨੇ ਸਪਸ਼ਟ ਤੇ ਉਜਾਗਰ ਹਨ ਕਿ ਇਹ ਕਿਸੇ ਕਾਲ ਭੀ ਹਿੰਦੂ ਦੀ ਬਹੁਦੇਵ ਤੇ ਮੂਰਤੀ ਪੂਜਾ, ਜ਼ਾਤ ਪਾਤ ਦੇ ਵਿਤਕਰੇ ਤੇਂ ਬ੍ਰਾਹਮਣ ਦੀ ਸਰਵਉਚਤਾ, ਘਰ ਬਾਰ ਦੇ ਤਿਆਗ ਤੇ ਸੰਨਿਆਸ ਅਤੇ ਅਹਿੰਸਾ ਪਰਮੋ ਧਰਮ ਦੇ ਵਿਸ਼ਵਾਸ ਅਤੇ ਧੋਤੀ ਟਿੱਕਾ ਤੇ ਚੋਟੀ ਵਾਲੇ ਸਰੂਪ ਨਾਲ ਮੁਤਾਬਕਤ ਤਥਾ ਮੇਲ ਨਹੀਂ ਰਖਦੇ। ਸੰਤ ਸਿਪਾਹੀ ਦੀਆ ਮੌਤ ਨਾਲ ਅਟਖੇਲੀਆਂ ਅਤੇ ਅਹਿੰਸਕ ਦਾ ਫੂਕ ਫੂਕ ਪੈਰ ਧਰਨਾ ਕਿਵੇਂ ਇਕੱਠੇ ਤੁਰ ਸਕਦੇ ਹਨ? ਇਹ ਮੁਢਲੇ (fundamental) ਫ਼ਰਕ ਸਨ ਜਿਨ੍ਹਾਂ ਦੇ ਆਧਾਰ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਿਖ ਨੂੰ 'ਹਿੰਦੂ ਤੁਰਕਨ ਤੇ ਨਿਆਰਾ' ਕਿਹਾ ਅਤੇ ਸਪਸ਼ਟ ਤੌਰ ਤੇ ਇਹ ਤਾੜਨਾ ਕੀਤੀ—

'ਜਬ ਇਹ ਗਹੇ ਬਿਪਰਨ ਕੀ ਰੀਤ ॥ ਮੈਂ ਨ ਕਰਉ ਇਨ ਕੀ ਪ੍ਰਤੀਤ ॥'

ਅਰਥਾਤ, ਸਿਖ ਜਦ ਕਦੀ ਵੀ ਬ੍ਰਾਹਮਣੀ ਰੀਤ ਦਾ ਧਾਰਨੀ ਬਣੇਗਾ, ਮੈਂ ਇਸ ਦਾ ਵਿਸਾਹ ਨਹੀਂ ਕਰਾਂਗਾ।

ਇਹੋ ਕਾਰਨ ਸ਼ੀ ਕਿ ਸਿਖ ਦੇ ਨਿਆਰੇਪਨ ਨੂੰ ਜਦੋਂ ਵੀ ਵੰਗਾਰਿਆ ਗਿਆ, ਸਿਖ ਨੇ ਇਸ ਦੇ ਉਲਟ ਆਵਾਜ਼ ਉਠਾਈ। ਦੇਸ਼ ਅੰਦਰ ਅੰਗਰੇਜ਼ ਦੇ ਰਾਜ ਸਮੇਂ ਅਜਿਹੀ ਚਰਚਾ ਛਿੜਨ ਤੇ ਹੀ ਭਾਈ ਸਾਹਿਬ ਕਾਹਨ ਸਿੰਘ ਜੀ ਨਾਭਾ ਜੈਸੇ ਸਿਖ ਵਿਦਵਾਨ ਨੂੰ "ਹਮ ਹਿੰਦੂ ਨਹੀਂ" ਦੇ ਸਿਰਲੇਖ ਹੇਠ ਸਿਖ ਨੁਕਤਾ-ਨਿਗਾਹ ਪੇਸ਼ ਕਰਨ ਦੀ ਲੋੜ ਪਈ ਸੀ ਅਤੇ ਸਿਖਾਂ ਵਲੋਂ ਇਹ ਗੱਲ ਵਾਰ ਵਾਰ ਕਹੀ ਜਾਂਦੀ ਰਹੀ ਹੈ। ਅੰਗਰੇਜ਼ ਰਾਜ ਸਮੇਂ ਹਿੰਦੂ ਲੀਡਰ ਵੀ ਸਿਖ ਦੀ ਅਡਰੀ ਹੋਂਦ ਨੂੰ ਤਸਲੀਮ ਕਰਦੇ ਸਨ, ਤਾਂ ਹੀ ਪੰਡਤ ਨਹਿਰੂ ਜਿਹੇ ਹਿੰਦੂ ਮੁਖੀ ਤੇ ਇੰਡੀਅਨ ਨੈਸ਼ਨਲ ਕਾਂਗ੍ਰਸ ਸਿਖਾਂ ਦੇ ਵਿਸ਼ੇਸ਼ ਹਕੂਕ ਦੀ ਗੱਲ ਕਰਦੇ ਰਹੇ ਸਨ, ਵਰਨਾ ਉਨ੍ਹਾਂ ਵਲੋਂ ਇਸ ਪ੍ਰਥਾਏ ਐਸੇ ਬਿਆਨ ਦਿਤੇ ਜਾਣ ਦੀ ਲੋੜ ਨਹੀਂ ਸੀ।

ਜਦੋਂ ਦੇਸ਼ ਅਜ਼ਾਦ ਹੋਇਆ ਅਤੇ ਹਿੰਦੂ ਨੂੰ ਆਪਣੀ ੮੨ ਫ਼ੀ ਸਦੀ ਬਹੁ-ਸੰਮਤੀ ਦਾ ਅਹਿਸਾਸ ਹੋਇਆ ਤਾਂ ਉਸ ਨੇ ਇਸ ਨੂੰ ਵਿਧਾਨਕ ਪ੍ਰਵਾਨਗੀ ਦੇਂਦੇ ਹੋਏ ਸਿਖ ਉਪਰ ਹਿੰਦੂ ਕਾਨੂੰਨਾਂ ਦੀਆਂ ਧਾਰਾਵਾਂ ਲਾਗੂ ਕਰ ਦਿਤੀਆਂ ਅਤੇ ਇਸ ਤਰ੍ਹਾਂ ਸਿਖ ਦੇ ਨਿਆਰੇਪਨ, ਜਿਸ ਨੂੰ ਮੁਗਲ ਬਾਦਸ਼ਾਹ ਅਕਬਰ ਦੇ ਸਮੇਂ ਤੋਂ ਹਿੰਦੂ ਚੈਲੰਜ ਕਰਦੇ ਆ ਰਹੇ ਸਨ, ਦੇ ਹਮੇਸ਼ਾ ਲਈ ਭੋਗ ਪਾ ਦੇਣ ਦਾ ਇਨ੍ਹਾਂ ਤਹੱਈਆ ਕਰ ਲਿਆ। ਇਹ ਸਿਖ ਨੂੰ ਬ੍ਰਾਹਮਣੀ ਰਹੁ-ਰੀਤਾਂ ਦੇ ਧਾਰਨੀ ਬਣਾ ਲੈਣ ਦਾ ਰਾਹ ਖੋਲ੍ਹਣ ਦਾ ਅਰੰਭਕ ਫੇਅਲ (ਕਰਤਵ) ਸੀ। ਸਿਖ ਨੇ ਇਸ ਨੂੰ ਭਾਂਪਦੇ ਹੋਏ 'ਸਿਖ ਇਕ ਵੱਖਰੀ ਕੌਮ' ਦਾ ਨਾਹਰਾ ਲਾ ਦਿਤਾ, ਜਿਸ ਨੇ ਸਿਖ ਦੇ ਵੱਖਵਾਦੀ ਹੋਣ ਦਾ ਇਲਜ਼ਾਮ ਇਸ ਤੇ ਮੜ੍ਹ ਕੇ, ਇਸ ਨੂੰ ਦੇਸ਼-ਧ੍ਰੋਹੀ, ਖ਼ਾਲਿਸਤਾਨੀ ਅਤੇ ਦੇਸ਼ ਦੀ ਅਖੰਡਤਾ ਦਾ ਦੁਸ਼ਮਣ ਹੋਣ ਦੇ ਨਾਮ ਦੇਣੇ ਸ਼ੁਰੂ ਕਰ ਦਿਤੇ, ਹਾਲਾਂਕਿ ਸਿਖ ਦਾ ਆਪਣੇ ਆਪ ਨੂੰ ਹਿੰਦੂ ਤੋਂ ਵੱਖਰਾ ਦਰਸਾਉਣਾ ਇਕ ਨਿਰੋਲ ਧਾਰਮਿਕ ਨੁਕਤਾ ਸੀ, ਜੋ ਸਿਖ ਤੇ ਹਿੰਦੂ ਦੇ ਮੁਢਲੇ (fundamental) ਫ਼ਰਕ ਦਾ ਹੀ ਲਖਾਇਕ ਸੀ। ਸਿਖ ਦੇ ਹਿੰਦੂ ਤੋਂ ਇਸ ਧਾਰਮਿਕ ਵਖਰੇਵੇਂ ਨੂੰ ਜਤਾਉਣ ਨੂੰ ਏਨਾ ਉਛਾਲਿਆ ਗਿਆ ਹੈ ਕਿ ਉਸੇ ਸਿਖ, ਜਿਸ ਬਾਰੇ ਲਾਲਾ ਲਾਜਪਤ ਰਾਏ ਵਰਗਾ ਸੱਜਣ ਕਹਿੰਦਾ ਗਿਆ ਸੀ ਕਿ :—

ਸ੍ਵੈਰਾਜ ਕਾ ਜੋ ਰਾਜ ਹੋ ਅਪਨੇ ਦੇਸ਼ ਮੇਂ, ਹੋਗਾ ਤੁਮਾਰੇ ਹਾਥ ਮੇਂ ਝੰਡਾ ਅਕਾਲੀਓ।'

[ਵੇਖੋ ਬੰਦੇ ਮਾਤਰਮ, ਅਖ਼ਬਾਰ ੧੯੨੨

ਅਜ ਉਸਨੂੰ ਦੇਸ਼ ਦਾ ਅਤੇ ਦੇਸ਼ ਦੇ ਬਹੁ-ਸੰਖਿਆ ਸਮਾਜ ਦਾ ਦੁਸ਼ਮਣ ਸਮਝਿਆ ਗਿਆ ਹੈ ਅਤੇ ਸਿਖ ਦੀ ਹਰ ਮੰਗ, ਭਾਵੇਂ ਇਹ ਪੰਜਾਬੀ ਬੋਲਦੇ ਲੋਕਾਂ ਨੂੰ ਅਤੇ ਪੰਜਾਬ ਦੀ ਰਾਜਧਾਨੀ ਨੂੰ ਪੰਜਾਬ ਅੰਦਰ ਸ਼ਾਮਲ ਕਰਨ



www.AKJ.Org

ਦੀ ਹੈ, ਜਾਂ ਸਿਖ ਧਰਮ ਦੇ ਅੰਦਰੂਨੀ ਮਸਲਿਆਂ ਦੀ ਹੈ, ਜਾਂ ਪੰਜਾਬ ਨੂੰ ਵਧ ਅਧਿਕਾਰ ਅਤੇ ਰੁਜ਼ਗਾਰ ਦਿਵਾਉਣ ਦੀ ਹੈ, ਇਹ ਸਾਰੀਆਂ ਅਤੇ ਅਜਿਹੀਆਂ ਹੋਰ ਮੰਗਾਂ, ਪੰਜਾਬ ਅੰਦਰ ਵਸਦੇ ਹਿੰਦੂ ਨੂੰ ਨਹੀਂ ਭਾਉਂਦੀਆਂ ਅਤੇ ਸਿਖ ਨੂੰ ਹਿੰਦੂ ਦਾ ਵੈਰੀ ਸਮਝਿਆ ਜਾ ਰਿਹਾ ਹੈ।

ਇਹ ਗੱਲ ਨਿਸਚੇ ਤੌਰ ਤੇ ਜਾਣ ਲੈਣ ਵਾਲੀ ਹੈ ਕਿ ਹਿੰਦੂ ਨਾਲ ਧਾਰਮਕ ਵਖਰੇਵਾਂ ਰੱਖਦੇ ਹੋਏ ਵੀ ਸਿਖ ਦੀ ਪੈਦਾਇਸ਼, ਸਿਖ ਦਾ ਵਰਤਣ ਵਿਹਾਰ, ਸਿਖ ਦੀ ਮਾਤ ਭਾਸ਼ਾ ਅਤੇ ਸਿਖ ਦੀ ਕਲਚਰ ਪੰਜਾਬ ਦੀ ਸਮੂਹ ਹਿੰਦੂ ਸ਼੍ਰੇਣੀ ਵਾਂਗ ਪੰਜਾਬੀ ਹੈ ਅਤੇ ਸਿਖ ਦੇ ਜਨਮ ਕਾਲ ਤੋਂ ਸਿਖ ਤੇ ਹਿੰਦੂ ਰਲ ਵਸਦੇ ਆਏ ਹਨ, ਬਲਕਿ ਉਨ੍ਹਾਂ ਦੇ ਵਡੇ ਵਡੇਰੇ ਪੰਜ ਸੌ ਸਾਲ ਤੋਂ ਪਹਿਲਾਂ ਹਿੰਦੂ ਹੀ ਸਨ। ਧਰਮ ਵਿਸ਼ਵਾਸ ਬਦਲ ਜਾਣ ਨਾਲ ਸਿਖ ਦੇ ਪੰਜਾਬੀ ਹੋਣ ਜਾਂ ਉਨ੍ਹਾਂ ਦੀ ਭਾਸ਼ਾ, ਕਲਚਰ ਅਤੇ ਨਿਤਾਪ੍ਰਤੀ ਦੁਨੀਆਦਾਰੀ ਵਰਤਣ-ਵਿਹਾਰ ਵਿਚ ਤਾਂ ਕੋਈ ਤਬਦੀਲੀ ਨਹੀਂ ਆਈ ਸੀ। ਇਹੋ ਕਾਰਨ ਸੀ ਕਿ ਦੇਸ਼-ਵੰਡ ਸਮੇਂ ਸਿਖ ਨੇ ਆਪਣਾ ਭਵਿਖ ਮੁਸਲਮਾਨੀ ਦੇਸ਼ ਪਾਕਿਸਤਾਨ ਦੀ ਬਜਾਏ ਭਾਰਤ ਦੇ ਹਿੰਦੂ ਨਾਲ ਜੋੜਿਆ, ਜਿਸ ਦਾ ਨਤੀਜਾ ਸੀ ਕਿ ਪੰਜਾਬ ਦਾ ਕਾਫ਼ੀ ਵੱਡਾ ਹਿੱਸਾ ੨੯ ਵਿਚੋਂ ੧੫ ਜ਼ਿਲੇ ਭਾਰਤ ਨਾਲ ਜੁੜੇ। ਸਿਖਾਂ ਨੂੰ ਆਪਣੇ ਨਾਲ ਮਿਲਾਉਣ ਦੀ ਅਹਿਮੀਅਤ ਨੂੰ ਸਮਝਦੇ ਹੋਏ ਹੀ ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ ਅਤੇ ਇੰਡੀਅਨ ਨੈਸ਼ਨਲ ਕਾਂਗ੍ਰਸ ਵਾਰ ਵਾਰ ਸਿਖਾਂ ਦੇ ਵੱਖਰੇ ਹੱਕਾਂ ਦੀ ਰਖਵਾਲੀ ਦਾ ਭਰੋਸਾ ਇਨ੍ਹਾਂ ਨੂੰ ਦੇਂਦੇ ਰਹੇ।

ਪ੍ਰੰਤੂ ਇਸ ਸਾਰੀ ਵਿਖੇਪਤਾ ਦਾ ਮੂਲ ਕਾਰਨ ਦੇਸ਼ ਅੰਦਰ ਹਿੰਦੂ ਦੀ ੮੨ ਫ਼ੀ ਸਦੀ ਬਹੁ-ਸੰਖਿਆ ਰੱਖਣ ਕਾਰਨ, ਹਿੰਦੂ ਦੇ ਹਾਕਮ (ruling nation) ਹੋਣ ਅਤੇ ਸਿੱਖ ਮੁਸਲਮਾਨ ਆਦਿ ਹਿੰਦੂ ਦੀ ਰਿਆਇਆ ਹੋਣ ਦਾ, ਹਿੰਦੂ ਨੂੰ ਅਹਿਸਾਸ ਹੋਣਾ ਸੀ। ਸ੍ਰੀ ਨਿਰਾਦ ਚੌਧਰੀ ਦਾ ਇਹ ਕਹਿਣਾ ਕਿ ''ਹਿੰਦੂ ਹਿੰਦੁਸਤਾਨ ਦੇ ਮਾਲਕ ਤੇ ਹੁਕਮਰਾਨ ਹਨ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਗਿਆਨ, ਸ਼ਾਇਦ ਲੋੜ ਤੋਂ ਵੱਧ ਗਿਆਨ ਹੈ, ਇਹੋ ਸਿਧ ਕਰਦਾ ਹੈ।''

ਜਦੋਂ ਰਲ-ਵਸਦੀਆਂ ਦੋ ਸ਼੍ਰੇਣੀਆਂ ਵਿਚੋਂ ਇਕ ਦਾ ਦ੍ਰਿੜ੍ਹ ਵਿਸ਼ਵਾਸ ਅਤੇ ਅਹਿਸਾਸ ਹੋਵੇ ਕਿ ਉਹ ਹਾਕਮ ਹਨ ਅਤੇ ਘਟ-ਗਿਣਤੀ ਵਾਲੇ ਉਨ੍ਹਾਂ ਦੀ ਰਿਆਇਆ (ਅਥਵਾ ਗ਼ੁਲਾਮਾਂ ਦੇ ਥਾਂ ਹਨ) ਤਾਂ ਉਨ੍ਹਾਂ ਦੋਹਾਂ ਦਾ ਇਕੋ ਪੱਧਰ ਅਤੇ ਸਮਾਨ ਸਥਿਤੀ ਤੇ ਰਹਿਣਾ ਕਿਵੇਂ ਸੰਭਵ ਹੋ ਸਕਦਾ ਹੈ। ਇਹ ਕੋਈ ਬਹੁਤੇ ਪਰਦੇ ਵਾਲੀ ਗੱਲ ਨਹੀਂ, ਖ਼ਰਾ ਸਿੱਧਾ ਸਾਦਾ ਅੰਕੜਿਆਂ ਨੂੰ ਸਮਝ ਲੈਣ ਵਾਲਾ ਸਵਾਲ ਹੈ। ਇਕ ਬੰਨੇ ੮੨ ਬੰਦੇ ਖੜੇ ਹੋਣ ਅਤੇ ਦੂਜੇ ਪਾਸੇ ਇਕ ਜਾਂ ਵੱਧ ਤੋਂ ਵੱਧ ਦੋ, ਤਾਂ ਆਖ਼ਰ ਹੁਕਮ ਤਾਂ ੮੨ ਦਾ ਹੀ ਚੱਲਣਾ ਹੈ। ਇਹੋ ਹੀ ਇਕ ਨੁਕਤਾ ਸੀ ਜਿਸ ਨੇ ੮੨ ਬੰਦਿਆਂ ਦੀ ਸਾਜੀ ਹਕੂਮਤ ਤੋਂ ਭਿਆਨਕ ਕਾਰਾ ਕਰਵਾਇਆ।

ਦੂਜੇ ਬੰਨੇ ਵਾਹ ਉਨ੍ਹਾਂ ਲੋਕਾਂ ਨਾਲ ਪੈ ਗਿਆ ਜੋ ਭਾਵੇਂ ਇਕ ਜਾਂ ਦੋ ਹੀ ਹਨ, ਪਰ ਈਨ ਨਾ ਮੰਨਣ ਕਿਸੇ ਦੀ, ਜੋ ਪ੍ਰੋ: ਪੂਰਨ ਸਿੰਘ ਦੇ ਸ਼ਬਦਾਂ ਵਿਚ—

ਇਹ ਬੇਪਰਵਾਹ ਪੰਜਾਬ ਦੇ, ਮੌਤ ਨੂੰ ਮਖ਼ੌਲਾਂ ਕਰਨ,
ਮਰਨ ਤੋਂ ਨਹੀਂ ਡਰਦੇ, ਪਿਆਰ ਨਾਲ ਇਹ ਕਰਨ ਗ਼ੁਲਾਮੀ,
ਪਰ ਟੈਂ ਨ ਮੰਨਣ ਕਿਸੇ ਦੀ, ਖਲੋ ਜਾਣ ਮੋਢੇ ਤੇ ਡਾਂਗਾਂ ਉਲਾਰਦੇ।

ਜਦੋਂ ਦੇਸ਼ ਦੀ ਹਿੰਦੂ ਸਰਕਾਰ ਨੇ ਇਨ੍ਹਾਂ ਬੇਪਰਵਾਹਾਂ ਪਾਸੋਂ ਪੰਜਾਬ ਦੀ ਪੰਜਾਬੀ ਬੋਲਦੀ ਧਰਤੀ ਖੋਹ ਲਈ, ਰਾਜਧਾਨੀ ਖੋਹ ਲਈ, ਪੰਜਾਬ ਦੇ ਪਾਣੀ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਇਹ ਗ਼ੈਰ-ਪੰਜਾਬੀ ਇਲਾਕਿਆਂ ਵਿਚ ਵੰਡਣਾ ਸ਼ੁਰੂ ਕਰ ਦਿਤਾ, ਬਲਕਿ ਰਹਿੰਦਾ ਪਾਣੀ ਵੀ ਗ਼ੈਰਾਂ ਨੂੰ ਦੇ ਦੇਣ ਦੀ ਠਾਣ ਲਈ, ਇਨ੍ਹਾਂ ਦੀ ਮਾਂ ਬੋਲੀ ਦੇ ਵਿਹੜੇ ਸੌਂਕਣ ਲਿਆ ਵਾੜਨ ਦੇ ਬਾਨ੍ਹਣੂ ਬੰਨ੍ਹਣੇ ਸ਼ੁਰੂ ਕਰ ਦਿਤੇ ਅਤੇ ਇਨ੍ਹਾਂ ਦੇ ਜ਼ਿਮੇਵਾਰ ਕਰਤੇ ਧਰਤੇ ਇਹ ਕਹਿਣ ਲਗ ਗਏ ਕਿ ਹੁਣ ਸਿਖ ਦੀ ਭਲਾਈ ਇਸੇ ਵਿਚ ਹੈ ਕਿ ਉਹ ਆਪਣੀ ਨਿਆਰੀ ਹੋਂਦ ਨੂੰ ਛੱਡ ਕੇ ਹਿੰਦੂ ਧਰਮ ਦੀ ਸਰਬ-ਪੱਖੀ ਜਮਹੂਰੀਅਤ ਵਿਚ ਸ਼ਾਮਲ ਹੋ ਜਾਣ ਤਾਂ ਪੰਜਾਬ ਦੇ ਇਹ ਬੇਪਰਵਾਹ ਇਹ ਕਹਿਣ ਲਈ ਮਜਬੂਰ ਹੋ ਗਏ ਕਿ


www.AKJ.Org

'ਸਿਖ ਇਕ ਵੱਖਰੀ ਕੌਮ ਹੈ' । ਉਨ੍ਹਾਂ ਦੇ ਇਹ ਕਹਿਣ ਦੀ ਦੇਰ ਸੀ ਕਿ ਉਨ੍ਹਾਂ ਦੇ ਉਲਟ ਵਖਵਾਦੀ, ਦੇਸ਼ ਧ੍ਰੋਹੀ, ਅਤਿਵਾਦੀ ਤੇ ਖਾਲਿਸਤਾਨੀ ਹੋਣ ਦਾ ਤੂਫ਼ਾਨ ਖੜਾ ਹੋ ਗਿਆ। ਦੇਸ਼, ਖ਼ਾਸ ਕਰ ਪੰਜਾਬ ਦੇ ਹਿੰਦੂ ਅਖ਼ਬਾਰਾਂ ਨੇ ਸਮੁਚੇ ਤੌਰ ਤੇ ਸਿਖਾਂ ਨੂੰ ਇਨ੍ਹਾਂ ਨਾਮਾਂ ਨਾਲ ਭੰਡਣਾ ਸ਼ੁਰੂ ਕਰ ਦਿਤਾ। ਭਾਵੇਂ ਸਿਖਾਂ ਦੀ ਇਕੋ ਇਕ ਸਿਆਸੀ ਜਮਾਤ ਸ਼ਰੋਮਣੀ ਅਕਾਲੀ ਦਲ ਅਤੇ ਹੋਰ ਨਿਰਪੱਖ ਸਿਖ ਸੰਸਥਾਵਾਂ ਨੇ ਵਾਰ ਵਾਰ ਆਪਣੇ ਵਖਵਾਦੀ ਜਾਂ ਖਾਲਿਸਤਾਨੀ ਹੋਣ ਤੋਂ ਇਨਕਾਰ ਕਰਦੇ ਹੋਏ ਭਾਰਤ ਦੇ ਸ਼ਹਿਰੀ ਹੋਣ ਅਤੇ ਸ਼ਹਿਰੀ ਰਹਿਣ ਦਾ ਦਾਅਵਾ ਕੀਤਾ, ਪ੍ਰੰਤੂ ਹਿੰਦੂ ਪ੍ਰੈਸ ਤੇ ਸਰਕਾਰ ਦੇ ਵਰਤਾਉ ਵਿਚ ਕੋਈ ਫ਼ਰਕ ਨਾ ਪਿਆ ਅਤੇ ਸਰਕਾਰ ਨੇ ਸਿਖ ਨੌਜਵਾਨ ਸੰਸਥਾਵਾਂ ਯਥਾ ਖਾਲਸਾ ਦਲ, ਸਿਖ ਸਟੂਡੈਂਟਸ ਫ਼ੈਡਰੇਸ਼ਨ ਨੂੰ ਖਿਲਾਫ਼-ਕਾਨੂੰਨ ਜਮਾਤਾਂ ਕਰਾਰ ਦੇ ਕੇ ਇਨ੍ਹਾਂ ਦੇ ਮੈਂਬਰਾਂ ਨੂੰ ਫੜਨਾ ਅਰੰਭ ਦਿਤਾ। ਅਤੇ ਕਈਆਂ ਨੂੰ ਫ਼ਰਜ਼ੀ (fake) ਪੁਲਸ-ਮੁਕਾਬਲਿਆਂ ਦੇ ਨਾਮ ਹੇਠ ਮਾਰ ਦਿਤਾ। ਸਰਕਾਰ ਦੇ ਐਸੇ ਵਰਤਾਰੇ ਨੇ ਕਈਆਂ ਨੂੰ ਰੂਪੋਸ਼ ਹੋ ਜਾਣ ਤੇ ਮਜਬੂਰ ਕਰ ਦਿਤਾ। ਜਦੋਂ ਸਰਕਾਰ ਇਸ ਤਰ੍ਹਾਂ ਰੂਪੋਸ਼ ਹੋ ਗਏ ਨੌਜਵਾਨਾਂ ਦੀ ਭਾਲ ਵਿਚ ਉਨ੍ਹਾਂ ਦੇ ਘਰਾਂ ਦੀਆਂ ਤਲਾਸ਼ੀਆਂ ਅਤੇ ਉਨ੍ਹਾਂ ਦੇ ਮਾਂ ਬਾਪ ਭੈਣ ਭਰਾਵਾਂ ਉਪਰ ਸਖ਼ਤੀ ਕਰਨ ਤੇ ਉਤਰ ਆਈ ਅਤੇ ਪੁਲਸ ਕਰਮਚਾਰੀ ਸਭ ਤਰ੍ਹਾਂ ਦੇ ਇਖ਼ਲਾਕੀ ਬੰਧਨਾਂ ਨੂੰ ਛਿੱਕੇ ਧਰ, ਉਨ੍ਹਾਂ ਦੀਆਂ ਮਾਂਵਾਂ ਭੈਣਾਂ ਦੀ ਸਰੇ ਬਾਜ਼ਾਰ ਬੇਪਤੀ ਕਰਨ ਲਗ ਗਏ ਤਾਂ 'ਮਰਦਾ ਕੀ ਨਾ ਕਰਦਾ' ਦੀ ਮਜਬੂਰੀ ਨੇ ਇਨ੍ਹਾਂ ਨੂੰ ਅਤਿਵਾਦੀ ਬਣ ਜਾਣ ਦੇ ਰਾਹੇ ਪਾਇਆ ਅਤੇ ਉਨ੍ਹਾਂ ਨਿਰੋਲ ਬਦਲੇ ਦੀ ਸਪਿਰਿਟ ਨਾਲ ਪੁਲਸ ਕਰਮਚਾਰੀਆਂ ਨਾਲ ਟਕਰਨਾ ਸ਼ੁਰੂ ਕੀਤਾ। ਡਾ: ਲਾਲਵਾਨੀ ਅਤੇ ਸ੍ਰੀ ਆਇੰਗਰ ਆਦਿ ਵਲੋਂ ਛਪੀ ਰੀਪੋਰਟ An Independent study of Hindu Sikh Conflict' ਵਿਚ ਦਰਜ ਹੈ ਕਿ 'Extremists activities have emerged mainly attributed to Police atrocities'' ਅਰਥਾਤ ''ਪੁਲਸ ਵਲੋਂ ਕੀਤੇ ਗਏ ਜ਼ੁਲਮ ਕਾਰਨ ਸਨ, ਅਤਿਵਾਦੀਆਂ ਵਲੋਂ ਕੀਤੀਆਂ ਕਾਰਵਾਈਆਂ ਦੇ।'' ਉਨ੍ਹਾਂ ਆਪਣੀ ਜਾਨ ਤਾਂ ਤਲੀ ਤੇ ਰੱਖੀ ਹੀ ਹੋਈ ਸੀ, ਐਸੀ ਹਾਲਤ ਵਿਚ ਉਨ੍ਹਾਂ ਨੂੰ ਪੁਲਸ ਦਾ ਭੈ ਨਾ ਰਿਹਾ ਅਤੇ ਆਪਣੀਆਂ ਮਾਂਵਾਂ ਭੈਣਾਂ ਦੀ ਬੇਇਜ਼ਤੀ ਦਾ ਮੁੱਲ ਚੁਕਾਉਣ ਦੀ ਉਨ੍ਹਾਂ ਠਾਣ ਲਈ। ਐਸੇ ਬੰਦਿਆਂ ਲਈ ਲੜੀਂਦਾ ਅਸਲਾ ਲੱਭ ਲੈਣਾ ਅਤੇ ਆਪਣੇ ਛੁਪਣ ਦੇ ਗੁਪਤ ਰੱਖਣੇ ਭਾਲ ਲੈਣਾ ਨਾ ਮੁਸ਼ਕਲ ਸੀ ਅਤੇ ਨਾ ਨਜਾਇਜ਼, ਕਿਉਂਕਿ ਉਨ੍ਹਾਂ ਦੇ ਅੰਦਰ ਬਦਲੇ ਦੀ ਅੱਗ ਲੱਟ ਲੱਟ ਬਲ ਰਹੀ ਸੀ। ਪੰਜਾਬੀ ਸੁਭਾਵ ਸਮੁਚੇ ਤੌਰ ਤੇ ਹੀ ਕਿਸੇ ਦੀ ਟੈਂ ਮੰਨਣ ਵਾਲਾ ਨਹੀਂ, ਪਰ ਜਦੋਂ ਵਿਰੋਧੀ ਹੋਛੇ ਹਥਿਆਰਾਂ ਤੇ ਉਤਰ ਖਲੋਤੇ ਹੋਣ ਤਾਂ ਇਨ੍ਹਾਂ ਦਾ ਮੋਢੇ ਡਾਂਗਾਂ ਉਲਾਰਦੇ ਹੋਣਾ ਅਨੋਖੀ ਗੱਲ ਨਹੀਂ ਸੀ।

ਇਕ ਗੱਲ, ਜਿਸ ਦਾ ਅਸੀਂ ਪਹਿਲੇ ਜ਼ਿਕਰ ਕਰ ਚੁਕੇ ਹਾਂ, ਇਨ੍ਹਾਂ ਨੇ ਨਿਹੱਥੇ ਤੇ ਬੇਦੋਸ਼ੇ ਹਿੰਦੂਆਂ ਦਾ ਨਿਖੇੜ ਕਰ ਕੇ ਉਨ੍ਹਾਂ ਨੂੰ ਹਰਗਿਜ਼ ਨਹੀਂ ਮਾਰਿਆ ਹੋਣਾ। ਇਹ ਗੱਲ ਸਿਖ ਦੇ ਖ਼ੂਨ ਵਿਚ ਹੈ ਹੀ ਨਹੀਂ। ਪੰਜ ਸੌ ਸਾਲ ਦਾ ਸਾਰਾ ਸਿਖ ਕਾਂਡ ਇਸ ਦਾ ਗਵਾਹ ਹੈ ਅਤੇ ਤੁਹਾਨੂੰ ਇਕ ਭੀ ਐਸੀ ਮਿਸਾਲ ਨਹੀਂ ਮਿਲੇਗੀ ਜਿਸ ਵਿਚ ਸਿਖ ਨੇ ਕਿਸੇ ਬੇਦੋਸ਼ੇ ਨਿਹੱਥੇ ਉਪਰ ਬਿਨਾਂ ਵਜ੍ਹਾ ਵਾਰ ਕੀਤਾ ਹੋਵੇ, ਜੈਸਾ ਕਿ ਵਰਤਮਾਨ ਸਮੇਂ ਬਸਾਂ ਦੇ ਮੁਸਾਫ਼ਰਾਂ ਉਪਰ ਅਤਿਵਾਦੀਆਂ ਵਲੋਂ ਕੀਤੇ ਜਾਣ ਦਾ ਦੋਸ਼ ਸਿਖਾਂ ਨੂੰ ਦਿਤਾ ਗਿਆ ਹੈ। ਆਪਣੇ ਵਰਗੇ ਜਾਂ ਆਪਣੇ ਤੋਂ ਬਲਵਾਨ ਨਾਲ ਟੱਕਰ ਲੈਣ ਤੋਂ ਸਿਖ ਨੂੰ ਕਦੀ ਗੁਰੇਜ਼ ਨਹੀਂ ਹੋਇਆ, ਪ੍ਰੰਤੂ ਆਪ ਤੋਂ ਹੀਣੇ ਅਤੇ ਨਿਹੱਥੇ ਦੇ ਉਲਟ ਹੱਥ ਉਠਾਉਣ ਤੋਂ ਸਿਖ ਨੂੰ ਵਰਜਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਜਾਬਰ ਹਮਲਾਵਰ ਵਲੋਂ ਨਿਹੱਥੀ ਰਿਆਇਆ ਨੂੰ ਮਾਰੇ ਜਾਂਦੇ ਵੇਖ ਕੇ ਆਹ ਦਾ ਨਾਹਰਾ ਮਾਰਿਆ ਤੇ ਰਿਆਇਆ ਦੀ ਵਿਲਕਣਾ ਨੂੰ ਇਉਂ ਦਰਸਾਇਆ ਸੀ—

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ (੩੬੦)

ਪਰ ਜੇ ਬਲਵਾਨ ਸ਼ੇਰ ਗਊਆਂ ਬੱਕਰੀਆਂ ਦੇ ਵਗ ਤੇ ਪੈ ਜਾਏ ਤਾਂ ਉਸ ਵਗ ਦਾ ਮਾਲਕ ਇਸ ਦੇ ਲਈ ਜਵਾਬ-ਦੇਹ ਹੋਵੇਗਾ— ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ (੩੬੦)

ਪੁਲਸ ਵਲੋਂ ਕੀਤੇ ਗਏ ਜ਼ੁਲਮ ਕਾਰਨ ਸਨ, ਅਤਿਵਾਦੀਆਂ ਵਲੋਂ ਕੀਤੀਆਂ ਕਾਰਵਾਈਆਂ ਦੇ। ਇਸ



www.AKJ.Org

ਦੀ ਪੁਸ਼ਟੀ ਇਸ ਗੱਲ ਤੋਂ ਭੀ ਹੁੰਦੀ ਹੈ ਕਿ ਸਿਖਾਂ ਦੇ ਧਰਮ ਯੁੱਧ ਡਿਕਟੇਟਰ ਵਲੋਂ ਵਾਰ ਵਾਰ ਇਹ ਗੱਲ ਦੁਹਰਾਉਣ ਅਤੇ ਇਸ ਦੀ ਜੁਡੀਸ਼ਲ ਜਾਂਚ ਕਰਾਏ ਜਾਣ ਦੀ ਮੰਗ ਕੀਤੇ ਜਾਣ ਦੇ ਬਾਵਜੂਦ ਸਰਕਾਰ ਨੂੰ ਅਜਿਹੀ ਜਾਂਚ ਕਰਾਉਣ ਦਾ ਹੌਸਲਾ ਨਹੀਂ ਪਿਆ; ਕਿਉਂਕਿ ਸਰਕਾਰ ਨੂੰ ਖ਼ੁਦ ਇਸ ਵਿਚ ਸ਼ੱਕ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਭੀ ਆਪਣਾ ਅਤੇ ਆਪਣੇ ਸਾਜੇ ਖਾਲਸੇ ਦਾ ਕਰਮ ਇਨ੍ਹਾਂ ਸ਼ਬਦਾਂ ਅੰਦਰ ਵਰਣਨ ਕੀਤਾ ਸੀ–

ਧਰਮ ਚਲਾਵਨ ਸੰਤ ਉਬਾਰਨ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥

(ਬਚਿਤ੍ਰ ਨਾਟਕ, ਧਿਆ: ੬)

ਗੁਰੂ ਜੀ ਦੇ ਸਮੇਂ ਅਤੇ ਉਨ੍ਹਾਂ ਤੋਂ ਪਿਛੋਂ ਭੀ ਸਿਖਾਂ ਨੇ ਗੁਰੂ ਜੀ ਦੇ ਇਸ ਆਦੇਸ਼ ਤੇ ਆਪਣੀ ਜਾਨ ਨਾਲ ਪਹਿਰਾ ਦਿਤਾ ਹੈ। ਇਨ੍ਹਾਂ ਗੱਲਾਂ ਦਾ ਸਬੂਤ ਸਮੇਂ ਦੇ ਇਤਿਹਾਸਕਾਰਾਂ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਲਿਖਾਰੀ ਕਾਜ਼ੀ ਨੂਰ ਮੁਹੰਮਦ ਦੀਆਂ ਲਿਖਤਾਂ ਤੋਂ ਮਿਲ ਜਾਂਦਾ ਹੈ। ਸਾਡਾ ਇਹ ਕੁਝ ਲਿਖਣ ਦਾ ਭਾਵ ਹੈ ਕਿ ਸਿਖਾਂ ਉਤੇ ਨਿਹੱਥੇ ਤੇ ਬੇਦੋਸ਼ੇ ਹਿੰਦੂਆਂ ਦੇ ਕਤਲ ਦਾ ਦੋਸ਼ ਦੇਣਾ, ਉਨ੍ਹਾਂ ਨਾਲ ਓਨੀ ਹੀ ਬੇਇਨਸਾਫ਼ੀ ਹੈ ਜਿਤਨੀ 'ਸਿਖ ਇਕ ਵਖਰੀ ਕੌਮ' ਕਹਿਣ ਵਾਲੇ ਹਰ ਸਿਖ ਨੂੰ ਖਾਲਿਸਤਾਨੀ ਜਾਂ ਵਖਵਾਦੀ ਕਹਿਣਾ। ਜ਼ਰਾ ਸੋਚਣ ਦੀ ਗੱਲ ਹੈ ਕਿ ਅਜ਼ਾਦੀ ਉਪ੍ਰੰਤ ੩੦-੩੨ ਸਾਲ ਸਿਖਾਂ ਨੇ ਵੱਖਰੀ ਕੌਮ ਹੋਣ ਦੀ ਅਵਾਜ਼ ਨਾ ਉਠਾਈ ਅਤੇ ਹੁਣ ਤਿੰਨ ਚਾਰ ਸਾਲ ਤੋਂ ਹੀ ਇਉਂ ਕਹਿਣਾ ਸ਼ੁਰੂ ਕੀਤਾ ਹੈ ਤਾਂ ਇਸ ਦਾ ਕੋਈ ਕਾਰਨ ਹੋਏਗਾ। [ਛਪੀ ਪੁਸਤਕ ''ਕਿਉਂ ਕੀਤ ਵੇਸਾਹੁ'' ਵਿਚੋਂ

# ਧਰਮ ਦੀ ਹਾਨੀ

[ ਸ: ਤੇਗ ਬਹਾਦਰ ਸਿੰਘ 'ਤੇਗ' ]

ਉਞ ਗੁਰੂ ਗੋਬਿੰਦ ਸਿੰਘ ਦਾ, ਸਿਖ ਅਖਵਾਂਦਾ ਹਾਂ।
ਉਹਦੇ ਨਕਸ਼ੇ ਕਦਮਾਂ ਦਾ, ਮੈਂ ਭੇਖ ਬਣਾਂਦਾ ਹਾਂ।
ਜ਼ਾਲਮ ਇਹ ਮਨ ਮੇਰਾ, ਜੋ ਮੂਲੋਂ ਭਿਜਦਾ ਨਹੀਂ,
ਸਿੱਜਦੇ ਵੀ ਕਰਦਾ ਹਾਂ, ਬਾਣੀ ਵੀ ਗਾਂਦਾ ਹਾਂ।੧।
ਉਞ ਗੁਰੂ ਗੋਬਿੰਦ ਸਿੰਘ ਦਾ, ਸਿੱਖ ਅਖਵਾਂਦਾ ਹਾਂ।
ਮੈਂ ਉਹਦੇ ਹੁਕਮਾਂ ਨੂੰ, ਸਿਰ ਵੀ ਝੁਕਾਂਦਾ ਹਾਂ।
ਇਹ ਪੱਥਰ-ਦਿਲ ਮੇਰਾ, ਸਮਝ ਪੈਂਦੀ ਨਹੀਂ 'ਤੇਗ',
ਕਿਉਂਕਰ ਪਸੀਜੇ ਨ, ਲੱਖ ਸੋਚ ਦੌੜਾਂਦਾ ਹਾਂ।੨।
ਉਞ ਗੁਰੂ ਗੋਬਿੰਦ ਸਿੰਘ ਦਾ, ਸਿੱਖ ਅਖਵਾਂਦਾ ਹਾਂ।
ਮੈਂ ਉਹਦੀ ਕ੍ਰਿਪਾ ਦਾ, ਪੂਰਾ ਲਾਭ ਉਠਾਂਦਾ ਹਾਂ।
ਜੇ ਅਹੁਦਾ ਮਿਲ ਜਾਵੇ, ਜੇ ਵਜ਼ੀਰੀ ਮਿਲ ਜਾਵੇ,
ਗੁਰਸਿੱਖ ਵੀਰਾਂ ਦੀ, ਪੁੱਠੀ ਖੱਲ ਲੁਹਾਂਦਾ ਹਾਂ।੩।
ਉਞ ਗੁਰੂ ਗੋਬਿੰਦ ਸਿੰਘ ਦਾ, ਸਿੱਖ ਅਖਵਾਂਦਾ ਹਾਂ।
ਮੈਂ ਲੁੱਟਾਂ ਮਾਰਾਂ ਲਈ, 'ਖੰਡ-ਪਾਠ ਕਰਾਂਦਾ ਹਾਂ।
ਬਾਣੀ ਮੈਂ ਸੁਣਦਾ ਨਹੀਂ, ਮੈਂ ਅੰਨ੍ਹਾ ਬੋਲਾ ਹਾਂ,
ਮੈਂ ਅਰਦਾਸਾਂ ਕਰ ਕਰ ਕੇ, ਕੁਕਰਮ ਵਧਾਂਦਾ ਹਾਂ।੪।
ਉਞ ਗੁਰੂ ਗੋਬਿੰਦ ਸਿੰਘ ਦਾ, ਸਿੱਖ ਅਖਵਾਂਦਾ ਹਾਂ।
ਪਰ ਉਹਦੇ ਅਸੂਲਾਂ ਦਾ, ਮਜ਼ਾਕ ਉਡਾਂਦਾ ਹਾਂ।
ਮੈਂ ਨੈਣਾਂ ਵਾਲੀ ਦੇ, ਮੈਂ ਸ਼ੇਰਾਂ ਵਾਲੀ ਦੇ,
ਹਿੰਦੂ ਖੁਸ਼ ਕਰਨ ਨੂੰ, ਜਗਰਾਤੇ ਕਰਾਂਦਾ ਹਾਂ।੫।
ਉਞ ਗੁਰੂ ਗੋਬਿੰਦ ਸਿੰਘ ਦਾ, ਸਿੱਖ ਅਖਵਾਂਦਾ ਹਾਂ।
ਪੁਜਾਰੀ ਫ਼ੈਸ਼ਨ ਦਾ, ਕੋਟ ਪੈਂਟ ਵੀ ਪਾਂਦਾ ਹਾਂ।
ਠੇਕੇ ਤੇ ਖੜ੍ਹ ਕੇ 'ਤੇਗ', ਪੰਜ-ਰਤਨੀ ਪੀ ਲੈਨਾਂ,
ਕੁੱਠਾ ਖਾ ਕੇ, ਮੈਂ, ਚਰਿਤਰ-ਹੀਣ ਹੋ ਜਾਂਦਾ ਹਾਂ।੬।
ਉਞ ਗੁਰੂ ਗੋਬਿੰਦ ਸਿੰਘ ਦਾ, ਸਿੱਖ ਅਖਵਾਂਦਾ ਹਾਂ।
ਗੁਰੂ ਨਾਲੋਂ ਮੈਂ ਗੋਲਕ ਦਾ, ਮਾਣ ਵਧਾਂਦਾ ਹਾਂ।
ਧਰਮ ਨਾਲੋਂ ਧੜੇ ਨੂੰ, ਮੈਂ ਭਾਰੀ ਸਮਝਾਂ 'ਤੇਗ',
ਧੜੇ ਪਿੱਛੇ ਤਾਂ, ਧਰਮ ਦੀ, ਹਾਨੀ ਕਰਵਾਂਦਾ ਹਾਂ।੭।



www.AKJ.Org

# ਮਾਨਸਿਕ ਰੋਗ

[ ਡਾਕਟਰ ਅਮਰੀਕ ਸਿੰਘ ਜੀ ਚੀਮਾ ]

ਡਾਕਟਰ ਚੀਮਾ ਦੀ ਪੁਸਤਕ 'ਨਾਮ ਯੋਗ' ਵਿਚ ਭਟਕਦੇ ਨੌਜੁਆਨਾਂ ਨੂੰ ਚੰਗੇ ਮਨੁੱਖ ਬਣਨ ਦੀ ਪ੍ਰੇਰਨਾ ਹੈ। ਪੁਸਤਕ ਦੇ ਪਹਿਲੇ ੪੯ ਸਫ਼ੇ ਦੇ ਲੰਬੇ ਲੇਖ 'ਮਾਨਸਿਕ ਰੋਗ' ਦਾ ਨਿਚੋੜ, ਡਾਕਟਰ ਸਾਹਿਬ ਦੇ ਸ਼ਬਦਾਂ ਵਿਚ ਹੀ ਹੇਠਲੇ ਲੇਖ ਵਿਚ ਦਿਤਾ ਜਾ ਰਿਹਾ ਹੈ। —ਸੰਪਾਦਕ

ਮਨ ਤੂੰ ਗਾਰਬਿ ਅਟਿਆ, ਗਾਰਬਿ ਲਦਿਆ ਜਾਹਿ ॥
ਮਾਇਆ ਮੋਹਣੀ ਮੋਹਿਆ, ਫਿਰਿ ਫਿਰਿ ਜੋਨੀ ਭਵਾਹਿ ॥......
ਅਹੰਕਾਰੁ ਤਿਸਨਾ ਰੋਗੁ ਲਗਾ, ਬਿਰਥਾ ਜਨਮੁ ਗਵਾਵਹੇ ॥
ਮਨਮੁਖ ਮੁਗਧ ਚੇਤਹਿ ਨਾਹੀ, ਅਗੈ ਗਇਆ ਪਛੁਤਾਵਹੇ ॥......੬ ॥ (੪੪੧)

ਪਰਮਾਤਮਾ ਨੇ ਆਪਣੇ ਹੁਕਮ ਅਨੁਸਾਰ ਜਗਤ ਰਚਿਆ, ਪਰ ਨਾਲ ਹੀ ਮੋਹ ਮਾਇਆ ਦਾ ਏਡਾ ਵਡਾ ਜਾਲ ਵਿਛਾ ਦਿਤਾ, ਜਿਸ ਤੋਂ ਕੋਈ ਵਿਰਲਾ ਹੀ ਬਚ ਸਕਿਆ—

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ, ਕੋਇ ਨ ਸੁਣੈ ਪੂਕਾਰਾ ॥੨॥ (੬੦੦)

ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਪੰਜ ਚੋਰ ਹਨ। ਇਹ ਮਨੁੱਖ ਦੇ ਵਡੇ ਦੁਸ਼ਮਨ ਹਨ। ਗੁਰਬਾਣੀ ਵਿਚ ਇਹਨਾਂ ਅਵਗੁਣਾਂ ਨੂੰ ਪੰਜ ਚੋਰ, ਪੰਚ ਦੂਤ, ਪੰਚ ਚੰਡਾਲ ਅਤੇ ਪੰਚ ਤਸਕਰ ਦਾ ਨਾਂ ਦਿਤਾ ਹੈ।

ਜਦੋਂ ਤਾਈਂ ਮਨੁਖ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੇ ਵੱਸ ਹੈ, ਉਹ ਕਦੇ ਉਸਾਰੀ ਵਾਲੇ ਪਾਸੇ ਨਹੀਂ ਜਾ ਸਕਦਾ। ਇਹਨਾਂ ਵਿਕਾਰਾਂ ਦੇ ਵਸ ਵਿਚ ਜੀਵ ਵਾਹਿਗੁਰੂ ਦੇ ਧਿਆਨ ਦੀ ਬਜਾਇ ਕੁਰਾਹੇ ਪੈ ਗਿਆ ,ਸੱਚ ਛਡ ਕੇ ਝੂਠ ਪਲੇ ਬੰਨ੍ਹ ਤੁਰਿਆ, ਮਾਇਆ ਮੋਹ ਤੇ ਤ੍ਰਿਸ਼ਨਾ ਦੀ ਸੁਲਘਦੀ ਅੱਗ ਵਿਚ ਸੜਨ ਲਗਾ।

ਸਾਰੀ ਬਾਣੀ ਵਿਚ ਤ੍ਰਿਸ਼ਨਾ ਨੂੰ ਮਿਟਾਣ ਦੀ ਹੀ ਤਾਕੀਦ ਕੀਤੀ ਗਈ ਹੈ। ਪਰ ਇਹ ਦਿਨੋ ਦਿਨ ਵਧਦੀ ਹੀ ਜਾ ਰਹੀ ਹੈ। ਇਸ ਤ੍ਰਿਸ਼ਨਾ ਕਾਰਨ ਕਈ ਅਪਰਾਧ ਹੁੰਦੇ ਹਨ। ਹਰ ਮਨੁੱਖ ਇਸ ਦਾ ਸ਼ਿਕਾਰ ਹੋਇਆ ਬੈਠਾ ਹੈ; ਹਰ ਇਕ ਨੂੰ ਕੋਈ ਨਾ ਕੋਈ ਤ੍ਰਿਸ਼ਨਾ ਹੈ—ਕਿਸੇ ਨੂੰ ਚੰਗੇ ਭੋਜਨ ਦੀ, ਕਿਸੇ ਨੂੰ ਸ਼ਰਾਬ ਦੀ, ਕਿਸੇ ਨੂੰ ਮਾਇਆ ਦੀ, ਕਿਸੇ ਨੂੰ ਜਾਇਦਾਦ ਦੀ।

ਮਨੁੱਖ ਸੋਚਦਾ ਹੈ ਕਿ ਕੰਮ ਵੀ ਨਾ ਕਰਨਾ ਪਵੇ ਤੇ ਫਲ ਵੀ ਚੰਗਾ ਮਿਲੇ, ਜਿਸ ਲਈ ਓਹ ਐਸੇ ਕੰਮਾਂ ਦੀ ਢੂੰਡ ਵਿਚ ਰਹਿੰਦਾ ਹੈ, ਜਿਨ੍ਹਾਂ ਵਿਚ ਮਿਹਨਤ ਤੋਂ ਬਗ਼ੈਰ ਹੀ ਕਮਾਈ ਹੋ ਜਾਏ। ਸਿਰਫ਼ ਕਮਾਈ ਹੀ ਨਹੀਂ, ਬਲਕਿ ਦੂਣੀ ਚੌਣੀ ਹੋ ਜਾਏ। ਉਹ ਸੋਚਦਾ ਹੈ ਕਿ ਜੇ ਅੰਦਰ ਪਿਆ ਮਾਲ ਜ਼ਿਆਦਾ ਕੀਮਤ ਦਾ ਹੋ ਜਾਏ ਤਾਂ ਉਸ ਨੂੰ ਬਾਹਰ ਕਢਣ ਦੀ ਕੀ ਲੋੜ ਹੈ। ਜੇ ਮਿਲਾਵਟ ਕਰਨ ਨਾਲ ਮਾਇਆ ਵਧ ਜਾਏ ਤਾਂ ਅਸਲ ਵੇਚਣ ਦੀ ਕੀ ਲੋੜ ਹੈ। ਜੇ ਥੋੜੀ ਜਿਹੀ ਹੇਰਾ ਫੇਰੀ ਨਾਲ ਜਾਂ ਝੂਠ ਬੋਲਣ ਨਾਲ ਕਮਾਈ ਹੋ ਜਾਏ ਤਾਂ ਮਿਹਨਤ ਕਰਨ ਦੀ ਕੀ ਲੋੜ ਹੈ। ਪਰ ਮਨੁੱਖ ਇਹ ਨਹੀਂ ਸੋਚਦਾ ਕਿ ਅਜਿਹਾ ਕਰਨ ਨਾਲ ਕਿੰਨੀਆਂ ਜਾਨਾਂ ਦਾ ਨੁਕਸਾਨ ਹੁੰਦਾ ਹੈ, ਕਿੰਨੇ ਘਰ ਬਰਬਾਦ ਹੁੰਦੇ ਹਨ, ਅਤੇ ਆਪ ਖ਼ੁਦ ਇਨਸਾਨ ਕਿੰਨਾ ਨੀਵਾਂ ਪਹੁੰਚ ਗਿਆ ਹੈ, ਤੇ ਰੱਬ ਤੋਂ ਬੇਮੁਖ ਹੋ ਗਿਆ ਹੈ। ਇਸ ਮਾਇਆ ਦੇ ਚੱਕਰ ਨੇ ਉਸ ਨੂੰ ਆਪਣੀ ਅਸਲੀਅਤ ਭੁਲਾ ਦਿਤੀ ਹੈ।

ਇਸ ਤ੍ਰਿਸ਼ਨਾ ਕਾਰਨ ਅੱਜ ਵਡੇ ਛੋਟੇ ਦਾ ਸਤਿਕਾਰ-ਮਾਣ ਨਹੀਂ ਰਿਹਾ; ਭਰਾ, ਭਰਾ ਦਾ ਪਿਆਰ ਨਹੀਂ ਰਿਹਾ; ਕਿਸੇ ਨੂੰ ਕਿਸੇ ਤੇ ਯਕੀਨ ਨਹੀਂ ਰਿਹਾ; ਅਮਾਨਤ, ਅਮਾਨਤ ਨਹੀਂ ਸਮਝੀ ਜਾਂਦੀ, ਹੜੱਪ ਕਰਨ ਲਈ ਤਰੀਕੇ ਸੋਚੇ ਜਾਂਦੇ ਹਨ। ਕੋਈ ਮਰਯਾਦਾ, ਕੋਈ ਅਸੂਲ ਨਹੀਂ ਰਹਿਣ ਦਿਤਾ ਇਸ ਤ੍ਰਿਸ਼ਨਾ ਨੇ। ਇਨਸਾਨ ਦੀ ਇਨਸਾਨੀਅਤ ਤੇ ਫ਼ਰਜ਼ ਸਭ ਭੁਲਾ ਦਿਤੇ ਹਨ। ਕਾਨੂੰਨ, ਕਾਨੂੰਨ ਨਹੀਂ ਰਹਿ ਗਿਆ; ਥੋੜੀ ਜਿਹੀ ਮਾਇਆ


www.AKJ.Org

ਬਦਲੇ ਝੂਠੀਆਂ ਗਵਾਹੀਆਂ ਕਾਰਨ ਕਈ ਬੇਗੁਨਾਹ ਫਾਂਸੀ ਲਗ ਜਾਂਦੇ ਹਨ। ਸੌਖੀ ਕਮਾਈ ਲਈ ਪਹਿਲੂ ਬਦਲੇ ਜਾਂਦੇ ਹਨ, ਪੈਸਾ ਹੀ ਕਰਤੱਵ ਬਣ ਗਿਆ ਹੈ। ਮਨੁੱਖ ਦੀ ਜ਼ਮੀਰ ਹੀ ਮਰ ਗਈ ਹੈ।

ਸ੍ਰੀ ਗੁਰੂ ਅਮਰ ਦਾਸ ਜੀ ਨੇ ਇਕ ਦਿਨ ਆਪਣੇ ਪੁਤਰ ਦੇ ਅੰਦਰ ਮਾਇਆ ਦੀ ਲਾਲਸਾ ਵੇਖ ਕੇ, ਉਸ ਨੂੰ ਪੈਸੇ ਗਿਣਨ ਤੇ ਲਾ ਦਿਤਾ। ਕਈ ਘੰਟੇ ਪੈਸੇ ਗਿਣਦਾ ਰਿਹਾ ਤੇ ਉਸ ਦੇ ਹੱਥ ਕਾਲੇ ਹੋ ਗਏ। ਹੱਥ ਕਾਲੇ ਵੇਖ ਕੇ ਉਸ ਨੇ ਕਿਹਾ, "ਪਿਤਾ ਜੀ, ਇਹਨਾਂ ਪੈਸਿਆਂ ਨਾਲ ਤੇ ਮੇਰੇ ਹੱਥ ਕਾਲੇ ਹੋ ਗਏ ਹਨ।" ਗੁਰੂ ਸਾਹਿਬ ਕਹਿਣ ਲਗੇ, "ਪੁਤਰ, ਜਿਹੜੀ ਚੀਜ਼ ਹੱਥ ਕਾਲੇ ਕਰ ਦਿੰਦੀ ਹੈ, ਉਸ ਦੀ ਲਾਲਸਾ ਕੀ ਮਨ ਨੂੰ ਨਹੀਂ ਕਾਲਾ ਕਰੇਗੀ। ਤੇਰਾ ਅੰਦਰ ਹੀ ਇਸ ਲਾਲਸਾ ਨੇ ਕਾਲਾ ਕਰ ਦਿਤਾ ਹੈ।"

ਇਸੇ ਤਰ੍ਹਾਂ ਅੱਜ ਵੀ ਇਸ ਧਨ ਨੇ ਮਨੁੱਖਾਂ ਦੇ ਮਨ ਕਾਲੇ ਕਰ ਛਡੇ ਹਨ। ਇੱਥੋਂ ਤਕ ਹਾਲਤ ਹੋ ਗਈ ਹੈ ਕਿ ਬਹੁਤ ਸਾਰੇ ਦਾਨ ਪੁੰਨ ਵੀ, ਇਸੇ ਬਿਨਾਂ-ਮਿਹਨਤ ਦੀ ਕਮਾਈ ਨਾਲ ਹੀ ਕੀਤੇ ਜਾਣ ਲੱਗ ਪਏ ਹਨ।

ਅੱਜ ਇਸ ਮਾਇਆ ਨੇ ਮਨੁੱਖ ਨੂੰ ਆਪਣੇ ਆਦਰਸ਼ ਤੋਂ ਗਿਰਾ ਦਿਤਾ ਹੈ। ਹਰ ਕੋਈ ਦੁਖੀ, ਮੇਰੇ ਮੇਰੀ ਦੇ ਘੋਰ ਪਾਪ ਵਿਚ ਘਿਰ ਗਿਆ ਹੈ, ਜਿਥੋਂ ਕਿ ਹਮੇਸ਼ਾ ਦੂਰ ਰਹਿਣ ਦਾ ਸਬਕ ਮਿਲਿਆ ਸੀ। ਅੱਜ ਇਸ ਧਨ ਦੇ ਜ਼ੋਰ ਤੇ ਗੁਨਾਹ ਬਖ਼ਸ਼ਾ ਲਏ ਜਾਂਦੇ ਹਨ, ਵਡੇ ਵਡੇ ਗੁਨਾਹਗਾਰ ਇਸ ਦੇ ਸਹਾਰੇ ਦੇਵਤਾ ਸਰੂਪ ਬਣੇ ਬੈਠੇ ਹਨ। ਅਸਲੀ ਅਦਾਲਤ, ਜਿਥੇ ਆਖ਼ਰੀ ਫ਼ੈਸਲਾ ਹੋਣਾ ਹੈ, ਬਿਲਕੁਲ ਯਾਦ ਨਹੀਂ।

ਇਹ ਵੈਰ ਵਿਰੋਧ, ਜਿਹੜਾ ਕਿ ਆਦਮੀ ਦੀ ਤਬਾਹੀ ਦਾ ਕਾਰਨ ਹੈ, ਜਿਸ ਨਾਲ ਅੱਜ ਮੁਲਕ ਮੁਲਕ ਦਾ ਵੈਰੀ, ਕੌਮ ਕੌਮ ਦੀ ਵੈਰੀ, ਇਕ ਮਜ਼ਹਬ ਦੂਸਰੇ ਦਾ ਵੈਰੀ ਤੇ ਇਕ ਸੂਬਾ ਦੂਸਰੇ ਸੂਬੇ ਦਾ ਵੈਰੀ; ਇਥੋਂ ਤਕ ਕਿ ਇਕ ਬੋਲੀ ਦੂਸਰੀ ਬੋਲੀ ਦੀ ਵੈਰੀ ਬਣੀ ਬੈਠੀ ਹੈ, ਇਹ ਸਭ ਇਸ ਤ੍ਰਿਸ਼ਨਾ ਦੇ ਕਾਰਨ ਹੈ।

ਇਸ ਮੇਰੀ ਮੇਰੀ ਦੀ ਤਮੰਨਾ ਨੇ ਤੇ, ਐਸਾ ਲਗਦਾ ਹੈ, ਕਿ ਅਸਾਂ ਰੱਬ ਨੂੰ ਗੁੰਮ ਹੀ ਕਰ ਦਿਤਾ ਹੈ। ਬਹੁਤ ਸਾਰੇ ਨੌਜੁਆਨ ਤਾਂ 'ਖਾਓ ਪੀਓ ਮੌਜ਼ ਉਡਾਓ' ਦੇ ਹੀ ਅਸੂਲ ਨੂੰ ਮੰਨਣ ਲਗ ਪਏ ਹਨ ਅਤੇ ਇਹ ਸਮਝਣ ਲਗ ਪਏ ਹਨ ਕਿ ਰੱਬ ਨਾਮ ਦੀ ਚੀਜ਼ ਹੀ ਨਹੀਂ ਹੈ, ਐਵੇਂ ਭੁਲੇਖਾ ਹੀ ਹੈ, ਅਤੇ ਨਾ ਹੀ ਉਸ ਦੀ ਜ਼ਰੂਰਤ ਮਹਿਸੂਸ ਕਰਦੇ ਹਨ।

ਸੋ ਇਹੋ ਜਿਹੀ ਨਾਜ਼ਕ ਹਾਲਤ ਨੂੰ ਦੇਖਦੇ ਹੋਏ ਜਰੂਰੀ ਹੋ ਗਿਆ ਹੈ ਕਿ ਮਨੁੱਖ ਨੂੰ ਹਲੂਣਾ ਦਿਤਾ ਜਾਏ, ਤਾਂ ਕਿ ਪੁੱਠਾ ਤੁਰਦਾ ਹੋਇਆ ਸ਼ਾਇਦ ਸਿੱਧਾ ਰਸਤਾ ਲਭ ਲਵੇ ਤੇ ਰੱਬੀ ਬਾਣੀ ਤੇ ਅਮਲ ਕਰਨਾ ਸ਼ੁਰੂ ਕਰ ਲਏ। ਸੁਧਾਰ ਤਾਂ ਜ਼ਿੰਦਗੀ ਦਾ ਕਿਸੇ ਵੇਲੇ ਵੀ ਹੋ ਸਕਦਾ ਹੈ, ਜ਼ਰਾ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ।

ਗੁਰੂ ਸਾਹਿਬਾਂ ਨੇ ਘਰ ਬਾਰ ਛਡਣ ਲਈ ਨਹੀਂ ਕਿਹਾ; ਛਡਣ ਲਈ ਕਿਹਾ ਹੈ ਤੇ ਸਿਰਫ ਹਉਮੈ, ਅਹੰਕਾਰ, ਲੋਭ, ਮੋਹ, ਕਾਮ ਤੇ ਕ੍ਰੋਧ। ਇਹ ਬੰਦੇ ਦੇ ਵੈਰੀ ਹਨ। ਇਨ੍ਹਾਂ ਤੋਂ ਦੂਰ ਰਹੋ।. ਕਿਰਤ ਕਰਦਿਆਂ, ਨਾਮ ਜਪੋ, ਸੁਖ ਦੁਖ ਵੰਡੋ, ਮੇਲ-ਮਿਲਾਪ ਪਿਆਰ ਨਾਲ ਰਹਿਣ ਦਾ ਰਾਹ ਲਭੋ, ਪਰਮਾਤਮਾ ਦੇ ਗੁਣ ਗਾਓ, ਕੀਰਤਨ ਸੁਣੋ, ਮਾਇਆ ਮੋਹ ਆਪੇ ਛੁਟ ਜਾਂਦਾ ਹੈ। .....ਘਰ ਵਿਚ ਰਹਿ ਕੇ, ਹਉਮੈ ਛਡਣ ਨਾਲ ਜੋ ਸੁਖ ਪ੍ਰਾਪਤ ਹੁੰਦਾ ਹੈ, ਉਹ ਮਾਇਆ ਨਾਲ ਨਹੀਂ ਮਿਲ ਸਕਦਾ। ਮਾਇਆ ਦਾ 'ਮੋਹ' ਮਨੁੱਖ ਨੂੰ ਮਨੁੱਖਤਾ ਤੋਂ ਦੂਰ ਕਰਦਾ ਹੈ, ਸੋ ਇਸ ਦਾ ਤਿਆਗਣਾ ਜ਼ਰੂਰੀ ਹੈ।

ਸਭ ਧਰਮਾਂ ਦਾ ਮੁਢਲਾ ਧਰਮ ਹੈ ਉਸ ਨੂੰ ਮੰਨਣਾ। ਉਸ ਨੂੰ ਮੰਨਣਾ ਹਰ ਮਨੁੱਖ ਦਾ ਫ਼ਰਜ਼ ਹੈ। ਹਰ ਮਨੁਖ ਉਸ ਮਾਲਕ ਦੀ ਬਣਾਈ ਖ਼ਲਕਤ ਨੂੰ ਰੱਬ ਦਾ ਰੂਪ ਸਮਝੇ। ਦਸਮ ਪਾਤਸ਼ਾਹ ਭਾਈ ਨੰਦ ਲਾਲ ਜੀ ਨੂੰ ਹੁਕਮ ਕਰਦੇ ਹਨ–

ਖਾਲਕ ਖਲਕ ਕੀ ਜਾਨ ਕੈ, ਖਲਕ ਦੁਖਾਵੈ ਨਾਹਿ॥ ਖਲਕ ਦੁਖੈ ਨੰਦ ਲਾਲ ਜੀ, ਖਾਲਕ ਕੋਪੈ ਤਾਹਿ॥

ਰੂਹ ਕਰਕੇ ਮਨੁੱਖ ਪਰਮਾਤਮਾ ਦਾ ਅੰਗ ਹੈ, ਜਿਸਮ ਕਰਕੇ ਆਦਮੀ ਹੈ। ਹਰ ਇਕ ਦੀ ਰੂਹ ਸਾਂਝੀ ਹੈ, ਜਿਹੜੀ ਕਦੇ ਮਰਦੀ ਨਹੀਂ। ਇਹ ਜਿਸਮ ਮਿਟੀ ਦਾ ਪੁਤਲਾ ਹੈ, ਜੋ ਆਖ਼ਰ ਨੂੰ ਮਿੱਟੀ ਵਿਚ ਹੀ ਮਿਲ ਜਾਂਦਾ ਹੈ। ਇਸ ਪੁਤਲੇ ਖ਼ਾਤਰ ਮਨੁਖ ਸਾਰੀਆਂ ਮੁਸੀਬਤਾਂ ਮੁਲ ਲੈਂਦਾ ਹੈ, ਤੇ ਇਸ ਨੂੰ ਸ਼ਿੰਗਾਰਨ ਤੇ ਐਸ਼-ਇਸ਼ਰਤ



www.AKJ.Org

ਵਿਚ ਆਪਣਾ ਕੀਮਤੀ ਵਕਤ ਗੁਆ ਲੈਂਦਾ ਹੈ। ਰੂਹ ਦੀ ਖ਼ੁਰਾਕ ਤੇ ਸ਼ਿੰਗਾਰ ਦਾ ਕੋਈ ਧਿਆਨ ਨਹੀਂ ਰਹਿੰਦਾ।

ਧਰਮ ਸਿਰਫ਼ ਇਕੋ ਹੀ ਗੱਲ ਦਸਦਾ ਹੈ ਕਿ ਚੰਗੇ ਇਨਸਾਨ ਬਣੋ—ਨੇਕੀ ਕਰੋ, ਗੁਣਾਂ ਦਾ ਧਿਆਨ ਕਰੋ, ਹੱਕ ਦੀ ਕਮਾਈ ਕਰੋ; ਤ੍ਰਿਸ਼ਨਾ, ਲੋਭ, ਮੋਹ, ਅਹੰਕਾਰ ਤੋਂ ਬਚੋ; ਸਭ ਨਾਲ ਮੇਲ-ਮਿਲਾਪ ਰਖੋ; ਸਤ, ਸੰਤੋਖ ਕਰਨਾ ਆਪਣਾ ਕਰਤੱਵ ਸਮਝੋ, ਨਾਮ-ਜਪੋ ਤੇ ਭਾਣਾ ਮੰਨੋ। ਫਿਰ ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਰਹਿ ਜਾਂਦੀ, ਪਰਮਾਤਮਾ ਅੰਗ ਸੰਗ ਸਹਾਈ ਹੁੰਦਾ ਹੈ।

ਗੁਰੂ ਸਾਹਿਬ ਨੇ ਤਾਂ ਕਲਜੁਗ ਵਿਚ ਸੌਖਾ ਰਸਤਾ ਦਸਿਆ—ਨਾਮ ਜਪਣਾ, ਵੰਡ ਛਕਣਾ ਤੇ ਭਾਣਾ ਮੰਨਣਾ। ਰੱਬ ਅੱਗੇ ਹਮੇਸ਼ਾ ਬੇਨਤੀ, ਅਰਦਾਸ ਤੇ ਉਸ ਮਾਲਕ ਦੀ ਸਿਫ਼ਤ ਕਰਨੀ ਦਸੀ ਹੈ। ਗੁਰੂ ਗੋਬਿੰਦ ਸਿੰਘ ਜੀ ਬਾਣੀ ਨੂੰ ਗੁਰਿਆਈ ਬਖ਼ਸ਼ ਗਏ ਹਨ। ਸੋ ਅਸਾਂ ਉਸੇ ਪਵਿੱਤਰ ਬਾਣੀ ਵਿਚੋਂ ਸਭ ਕੁਝ ਲਭਣਾ ਹੈ।

(ਲੋੜ ਹੈ ਕਿ) ਆਪਣਾ ਆਪ ਸਵਾਰਨ ਦੇ ਨਾਲ ਨਾਲ ਸੰਸਾਰ ਦਾ ਭਲਾ ਵੀ ਕਰੋ। ਕਿਸੇ ਗ਼ਰੀਬ ਜਾਂ ਲਾਚਾਰ ਦਾ ਮਜ਼ਾਕ ਨਾ ਉਡਾਓ। ਇਹ ਸਭ ਤੋਂ ਵਡਾ ਗੁਨਾਹ ਹੈ। ਹੋ ਸਕੇ ਤਾਂ ਉਸ ਦੀ ਮਦਦ ਕਰੋ, ਤਾਂ ਜੁ ਉਹ ਬੁਰਿਆਈ ਕਰਨ ਤੋਂ ਬਚ ਜਾਵੇ। ਕਿਉਂਕਿ ਜਦੋਂ ਆਦਮੀ ਮਜਬੂਰ ਹੋ ਜਾਵੇ ਤੇ ਉਸ ਨੂੰ ਕੋਈ ਰਸਤਾ ਨਾ ਦਿਸੇ ਤਾਂ ਉਹ ਲਾਚਾਰੀ ਕਾਰਨ ਖ਼ੂਨ-ਖ਼ਰਾਬਾ ਜਾਂ ਚੋਰੀ, ਡਾਕੇ ਤੇ ਉਤਰ ਆਉਂਦਾ ਹੈ। ਕਈ ਨੌਜੁਆਨਾਂ ਦਾ ਜੀਵਨ ਤਬਾਹ ਹੋ ਕੇ ਰਹਿ ਜਾਂਦਾ ਹੈ। ਜੇ ਤੁਹਾਡੇ ਕਾਲਜ ਵਿਚ ਜਾਂ ਜਿਥੇ ਤੁਸੀਂ ਕੰਮ ਕਰਦੇ ਹੋ, ਕੋਈ ਅਜਿਹਾ ਨੌਜੁਆਨ ਹੈ ਜਿਸ ਕੋਲ ਰੋਜ਼ੀ ਕਮਾਉਣ ਜਾਂ ਪੜ੍ਹਾਈ ਜਾਰੀ ਰਖਣ ਦਾ ਸਾਧਨ ਨਹੀਂ ਤਾਂ ਉਸ ਦੀ ਸਹਾਇਤਾ ਕਰੋ। ਆਪ ਦੀ ਥੋੜੀ ਜਿਹੀ ਸਹਾਇਤਾ ਨਾਲ ਉਸ ਦਾ ਜੀਵਨ ਬਦਲ ਸਕਦਾ ਹੈ।......ਇਕ ਇਕ ਨੌਜੁਆਨ ਇਕ ਇਕ ਗ਼ਰੀਬ ਦੀ ਮਦਦ ਕਰਦਾ ਰਹੇ, ਤਾਂ ਖ਼ੁਦ ਹੀ ਸੋਚੋ ਕਿੰਨਾ ਪਰਉਪਕਾਰ ਹੋਵੇਗਾ, ਕਿੰਨੇ ਲੋਕ ਬੁਰਾਈ ਕਰਨ ਤੋਂ ਬਚ ਜਾਣਗੇ ਤੇ ਆਪ ਦਾ ਆਪਣਾ ਆਪ ਸੰਵਾਰਿਆ ਜਾਵੇਗਾ,ਆਪ ਨੂੰ ਸੁਖ ਤੇ ਸ਼ਾਂਤੀ ਮਹਿਸੂਸ ਹੋਵੇਗੀ।

ਫਰੀਦ ਜੀ ਕਹਿੰਦੇ ਹਨ ਕਿ ਦੁਨੀਆ ਨੇ ਬਹੁਤ ਕੁਝ ਬਾਹਰੋਂ ਸੰਵਾਰਿਆ ਹੈ, ਸਰੀਰ ਸੰਵਾਰਿਆ ਹੈ, ਕਪੜੇ ਸੰਵਾਰੇ ਹਨ, ਘਰ ਸੰਵਾਰਿਆ ਹੈ, ਪਰ ਆਪਣਾ 'ਅੰਦਰਲਾ ਮਨ' ਨਹੀਂ ਸੰਵਾਰਿਆ। ਜਿਸ ਦਿਨ ਉਹ ਆਪਣਾ 'ਅੰਦਰਲਾ ਮਨ' ਸੰਵਾਰੇਗਾ, ਰੱਬ ਕਹਿੰਦਾ ਉਸ ਦਿਨ ਇਹ ਮਨੁਖ ਮੈਨੂੰ ਮਿਲ ਪਵੇਗਾ—

ਆਪੁ ਸਵਾਰਹਿ ਮੈ ਮਿਲਹਿ, ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ, ਸਭੁ ਜਗੁ ਤੇਰਾ ਹੋਇ ॥ ੯੫ ॥ (੧੩੮੨)

ਸੋ, ਨੌਜੁਆਨੋ, ਆਪਣਾ ਆਪ ਪਹਿਲਾਂ ਪਛਾਣੋ, ਤੇ ਨੇਕੀ ਦੇ ਰਾਹ ਤੇ ਚਲਣ ਦਾ ਦ੍ਰਿੜ੍ਹ ਇਰਾਦਾ ਕਰੋ। ਦੁਨੀਆ ਵਿਚ ਇਸ ਵੇਲੇ ਅਮਨ ਤੇ ਇਖ਼ਲਾਕ ਦੀ ਬਹੁਤ ਲੋੜ ਹੈ, ਇਸ ਘਾਟ ਨੂੰ ਆਪਣੀ ਹਿੰਮਤ ਤੇ ਇਰਾਦੇ ਨਾਲ ਪੂਰਾ ਕਰ ਸਕਦੇ ਹੋ। ਆਓ, ਇਕ ਦੁਨੀਆ ਬਣਾਈਏ, ਜਿਥੇ ਸਾਂਝੀਵਾਲਤਾ ਹੋਵੇ। ਜਿਥੇ ਖ਼ੁਦੀ, ਬਖ਼ੀਲੀ, ਤਕੱਬਰੀ ਤੇ ਝੂਠ ਦੀ ਜਗ੍ਹਾ ਨਾ ਹੋਵੇ, ਵੈਰ ਵਿਰੋਧ ਨਾ ਦਿਸੇ; ਜਿਥੇ ਕੋਈ ਕਿਸੇ ਦਾ ਹੱਕ ਨਾ ਖੋਹੇ, ਹਕੂਮਤ ਕਿਸੇ ਨਾਲ ਧੋਖਾ ਨਾ ਕਰੇ। ਐਸਾ ਸਵਰਗ ਧਰਤੀ ਤੇ ਹੀ ਬਣਾਇਆ ਜਾਵੇ। ਹਰ ਮਨੁਖ, ਹਰ ਮਨੁਖ ਨੂੰ ਆਪਣੇ ਵਰਗਾ ਸਮਝੇ, ਏਕਤਾ ਨੂੰ ਆਪਣਾ ਧਰਮ ਸਮਝੇ।

(ਸਭ ਜਾਣਦੇ ਹਨ ਕਿ) ਸਿਖ ਮਜ਼ਹਬ 'ਬੁੱਤ-ਪੂਜਾ' ਦੇ ਵਿਰੁਧ ਹੈ, ਪਰ ਮਨੁਖ ਸਾਰਾ ਦਿਨ ਕੀ ਕਰਦਾ ਹੈ? ਆਪਣੇ ਜਿਸਮ ਨੂੰ ਬਨਾਉਣਾ, ਸਵਾਰਨਾ ਤੇ ਪਾਲਣਾ-ਪੋਸ਼ਣਾ ਬੁੱਤ-ਪ੍ਰਸਤੀ ਹੈ। ਨਾਮ ਜਪਣਾ, ਭਾਣਾ ਮੰਨਣਾ ਤੇ ਅਰਦਾਸ ਕਰਨੀ ਖ਼ੁਦਾ-ਪ੍ਰਸਤੀ ਹੈ। ਅਸੀਂ ਇਸ ਪਾਸੇ ਤੋਂ ਬਿਲਕੁਲ ਗ਼ਾਫ਼ਲ ਹਾਂ। ਸਿਰਫ਼ ਘਰ ਦੀ ਸਫ਼ਾਈ ਦਾ ਕੀ ਫ਼ਾਇਦਾ, ਜੇ ਉਸ ਵਿਚ ਰਹਿਣ ਵਾਲੇ ਨੂੰ ਖ਼ੁਰਾਕ ਤੇ ਪਾਣੀ ਨਹੀਂ ਦੇਣਾ। ਉਹ ਹੈ ਨਾਮ। ਘਰ ਤਾਂ ਛਡ ਜਾਣਾ ਹੈ, ਇਸ ਲਈ ਇਸ ਨੂੰ ਉਤਨੀ ਰੋਟੀ ਦੇਵੋ ਜਿਤਨਾ ਕੰਮ ਕਰੇ।

ਮੈਂ ਆਪ ਪਾਸ ਇਹ ਹੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਧੂਆਂ ਸੰਤਾਂ ਦਾ ਮਾਣ ਕਰੋ। ਉਹ ਚੰਗੇ ਹਨ, ਪਰ ਉਨ੍ਹਾਂ ਨੂੰ ਗੁਰੂ ਨਾ ਮੰਨੋ। ਗੁਰੂ ਗ੍ਰੰਥ ਸਾਹਿਬ ਵਿਚ ਸਭ ਕੁਝ ਮੁਕੰਮਲ ਲਿਖਿਆ ਹੋਇਆ ਹੈ। ਸਾਰਾ ਪਦਾਰਥ ਹੈ। ਜੋ ਖੋਜੇਗਾ, ਜ਼ਰੂਰ ਪਾਵੇਗਾ। ਹੁਣ ਹੀ ਕਰੋ, ਕਲ੍ਹ ਤੇ ਨਾ ਛਡੋ।

www.AKJ.Org

# ਰਹਿਤ ਬਿਨਾ ਨ ਸਿਖ ਕਹਾਵੈ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਸਿਖਾਂ ਲਈ ਫੁਰਮਾਨ ਹੈ–

ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣ ॥ ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥੧॥੧੪॥ (੭੯੦)

ਸਤਿਗੁਰੂ ਜੀ ਬੜੇ ਸਪਸ਼ਟ ਸ਼ਬਦਾਂ ਵਿਚ ਦਸ ਰਹੇ ਹਨ ਕਿ ਵੇਦੀਨਾਂ ਦੀ ਸੰਗਤ ਅਤੇ ਵੇਦੀਨਾਂ ਦਾ ਭੋਜਨ ਕਰਨ ਨਾਲ, ਵਾਹਿਗੁਰੂ ਜੀ ਦੀ ਸਿਫਤ ਸਲਾਹ ਤੋਂ ਖੁੰਝ ਜਾਈਦਾ ਹੈ। 'ਜੇਹਾ ਅੰਨ ਤੇਹਾ ਮਨ' ਦੀ ਕਹਾਉਤ ਅਨੁਸਾਰ ਉਸ ਮਨ ਵਿਚ ਸ਼ੈਤਾਨੀ ਆ ਵਸਦੀ ਹੈ। ਉਹ ਮਨ ਨਿਰਮਲ ਨਹੀਂ ਰਹਿ ਸਕਦਾ। ਮਨ ਨਿਰਮਲ ਹੋਇ ਬਿਨਾਂ ਗੁਰਸਿਖੀ ਦੀ ਕਮਾਈ ਨਹੀਂ ਹੋ ਸਕਦੀ।

ਰਹਿਤਨਾਮਿਆਂ ਵਿਚ ਵੀ ਅਤੇ ਅੰਮ੍ਰਿਤ ਛਕਣ ਵੇਲੇ ਵੀ ਹਦਾਇਤ ਮਿਲਦੀ ਹੈ ਕਿ ਗੁਰਸਿਖ ਦੀ ਰੋਟੀ-ਬੇਟੀ ਦੀ ਸਾਂਝ ਗੁਰਸਿਖ ਨਾਲ ਹੀ ਹੋਵੇ, ਵੇਦੀਨਾਂ ਨਾਲ ਨਾ ਹੋਵੇ। ਸੋ ਗੁਰਸਿਖਾਂ ਨੇ ਇਸ ਰਹਿਤ ਰਹਿਣੀ ਦੀ ਕਮਾਈ ਤਨ ਮਨ ਕਰਕੇ ਕਰਨੀ ਹੈ। ਗੁਰੂ ਕੇ ਹੁਕਮ ਮੰਨ ਕੇ ਅਸੀਂ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹਾਂ। ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ—

ਗੁਰਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥ (ਪੰਨਾ ੬੬੭)

ਭਾਈ ਗੁਰਦਾਸ ਜੀ ਦਾ ਵੀ ਕਥਨ ਹੈ—

ਗੁਰਸਿਖੀ ਦਾ ਕਰਮੁ ਏਹੁ, ਗੁਰੁ ਫੁਰਮਾਏ ਗੁਰਸਿਖ ਕਰਣਾ ॥੧੦॥ (ਵਾਰ ੨੮)

ਇਸ ਹੁਕਮ ਦੇ ਹੁੰਦਿਆਂ ਵੀ ਜੇ ਅਸੀਂ ਆਪਣੇ ਮਨ ਦੇ ਮਗਰ ਲਗ ਤੁਰੀਏ, ਅਤੇ ਗੁਰੂ-ਹੁਕਮਾਂ ਦੀ ਪਰਵਾਹ ਨਾ ਕਰੀਏ ਤਾਂ ਫਿਰ ਮਨਮਾਨੀਆਂ ਕਰਦੇ ਹੋਇਆਂ ਅਸੀਂ ਸਤਿਗੁਰੂ ਜੀ ਦੇ ਸਾਹਮਣੇ ਕਿਹੜੇ ਮੂੰਹ ਨਾਲ ਜਾਵਾਂਗੇ।

ਕਈ ਸਮਾਗਮਾਂ ਸਮੇਂ ਗੁਰਸਿਖ ਵੀਰਾਂ ਵਲੋਂ ਸਾਡੇ ਵਿਚ ਆ ਰਹੀ ਇਸ ਕਮਜ਼ੋਰੀ ਬਾਰੇ ਦਸਿਆ ਜਾਂਦਾ ਹੈ ਅਤੇ ਲਿਖਤੀ ਤੌਰ ਤੇ ਵੀ ਪੁਜੰਦਾ ਰਹਿੰਦਾ ਹੈ। ਹੁਣੇ ਜਿਹੇ ਇਕ ਵੀਰ ਜੀ ਇਕ ਪਤਰਕਾ ਵਿਚ ਲਿਖ ਭੇਜਦੇ ਹਨ— 'ਕੇਸਕੀ ਸਜਾਂਦੀਆਂ ਬੀਬੀਆਂ ਬਜ਼ਾਰਾਂ ਵਿਚ ਰੇੜ੍ਹੀਆਂ ਪਾਸ ਖਲੋ ਕੇ ਚਾਟ, ਆਈਸ-ਕਰੀਮਾਂ ਤੇ ਹੋਰ ਬਜ਼ਾਰੀ ਚੀਜ਼ਾਂ ਖਾਂਦੀਆਂ ਵੇਖੀਆਂ ਜਾਂਦੀਆਂ ਹਨ, ਨਾ ਉਨ੍ਹਾਂ ਨੂੰ ਗੁਰ-ਹੁਕਮਾਂ ਦਾ ਖ਼ੌਫ਼, ਨਾ ਬਾਣੇ ਦੀ ਕੋਈ ਲਾਜ ਕੁਲਾਜ। ਇਹੋ ਹਾਲ ਸਿੰਘਾਂ ਦਾ ਹੈ।' ਫਿਰ ਅਗੇ ਜਾ ਕੇ ਲਿਖਦੇ ਹਨ—ਕਈ ਦੁਕਾਨਾਂ ਵਿਚ ਭੀੜ ਭੜੱਕੇ ਵਿਚ ਗਾਹਕ ਮੇਜ਼ਾਂ ਲਾਗੇ ਬੈਠੇ ਸਿਗਰਟਾਂ ਬੀੜੀਆਂ ਦੇ ਧੂੰਏਂ ਛਡ ਰਹੇ ਹੁੰਦੇ ਹਨ, ਤੇ ਉਥੇ ਹੀ ਲਾਗੇ (ਨਵੇਂ ਵਿਆਹੇ ਜੋੜੇ) ਤਿਆਰ-ਬਰ-ਤਿਆਰ ਸਿੰਘ ਸਿੰਘਣੀਆਂ ਕਿਰਪਾਨਾਂ ਤੇ ਕੇਸਕੀ ਸਜਾਏ ਹੋਇ ਖਾਈ ਪੀਈ ਜਾਂਦੇ ਹਨ। ਗੁਰਸਿਖੀ ਦਾ ਇਸ ਤਰ੍ਹਾਂ ਦਾ ਮਜ਼ਾਕ ਉਡਦਾ ਵੇਖ ਕੇ ਸ਼ਰਮ ਨਾਲ ਸਿਰ ਨੀਵਾਂ ਹੋ ਜਾਂਦਾ ਹੈ। ਐਸਾ ਵੀ ਹੁੰਦਾ ਵੇਖਿਆ ਗਿਆ ਹੈ ਕਿ ਇਕ ਪਾਸੇ ਸਿੰਘ ਬਿਬੇਕ ਦਾ ਲੰਗਰ ਛਕ ਕੇ ਪ੍ਰਸੰਨ ਹੋ ਰਹੇ ਹੁੰਦੇ ਹਨ, ਪਰ ਜਦ ਬਾਹਰ ਖੁਲ੍ਹੇ ਲੰਗਰ ਵਿਚ ਆਈਸ-ਕਰੀਮ ਵਰਤੰਦੀ ਵੇਖਦੇ ਹਨ ਤਾਂ ਬੇਅੰਮ੍ਰਿਤੀਆਂ, ਮਨਮਤੀਆਂ ਤੇ ਸਿਗਰਟਾਂ ਬੀੜੀਆਂ ਵਾਲਿਆਂ ਦੇ ਹਥੋਂ ਤਿਆਰ ਹੋਈ ਆਈਸ-ਕਰੀਮ ਲਈ ਵੀ ਉਨ੍ਹਾਂ ਦੀ ਜੇਭਾ ਚੋ ਪੈਂਦੀ ਹੈ ਅਤੇ ਉਸ ਪਲੇਟ ਨੂੰ ਛਕਣ ਵਿਚ ਉਹ ਰਤਾ ਗੁਰੇਜ਼ ਨਹੀਂ ਕਰਦੇ।

ਗੁਰੂ ਕੇ ਸਿਖੋ ! ਸੋਚੀਏ, ਵਿਚਾਰੀਏ ਅਤੇ ਗੁਰੂ ਕੇ ਹੁਕਮਾਂ ਨੂੰ ਸਮਝੀਏ ਕਿ ਇਸ ਦਾ ਕੀ ਭਾਵ ਹੈ–''ਵੇਦੀਨਾ ਕੀ ਦੋਸਤੀ, ਵੇਦੀਨਾ ਕਾ ਖਾਣ ॥''

''ਗੁਰਸਿਖੀ ਗੁਰਸਿਖ ਕਮਾਵੈ'' ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਅਸੀਂ ਗੁਰੂ ਕੇ ਬਚਨਾਂ ਨੂੰ ਕਮਾਈਏ ਅਤੇ ਕੋਈ ਹਾਸੋਹੀਣੀ ਗੱਲ ਐਸੀ ਨਾ ਕਰੀਏ ਜਿਸ ਨਾਲ ਸਿੱਖੀ ਨੂੰ ਲਾਜ ਲਗਦੀ ਹੋਵੇ।



www.AKJ.Org

# ਫ਼ਰੁਖ਼ਸੀਅਰ ਨੂੰ ਕਿਹਾ, ਲਲਕਾਰ ਬੰਦੇ

[ਪਾਂਧੀ 'ਨਨਕਾਣਵੀ', 1-8/122, ਰਾਜੌਰੀ ਗਾਰਡਨ, ਨਵੀਂ ਦਿੱਲੀ]

ਜਿਸ ਬਲੀ ਬਲਕਾਰ ਦੀ ਗਰਜਨਾ ਤੋਂ,
ਸੀਨਾ ਧਰਤ ਆਕਾਸ਼ ਦਾ ਧੜਕ ਉੱਠੇ।
ਜਿਦ੍ਹੀ ਫਤਿਹ ਦੀ ਗੂੰਜਦੀ ਗੂੰਜ ਸੁਣ ਕੇ,
ਜ਼ੱਰੇ-ਜ਼ੱਰੇ 'ਚੋਂ ਅਣਖ ਵੀ ਭੜਕ ਉੱਠੇ।
ਜਿਦ੍ਹੀ ਝਲਕ ਨੂੰ ਵੇਖ ਕੇ ਇਕ ਵਾਰੀ,
ਮੁਰਦਾ ਕੌਮ ਦੀ ਆਤਮਾ ਫੜਕ ਉੱਠੇ।
ਜਿਦ੍ਹੀ ਤੇਗ ਤੋਂ ਮੁਗਲ ਪਠਾਣ ਤ੍ਰਹਿੰਦੇ,
ਜਿਨੂੰ ਵੇਖ ਕੇ ਕਾਲ ਵੀ ਯਰਕ ਉੱਠੇ।

ਉਹ ਸੀ ਸਿੰਘ, ਦਸਮੇਸ਼ ਦਾ ਬੀਰ 'ਬੰਦਾ',
ਜਿੰਨ੍ਹੇ ਵੈਰੀਆਂ ਦੇ ਸੀਨੇ ਛੂੰਡ ਦਿੱਤੇ।
ਜ਼ਾਲਮ, ਵਹਿਸ਼ੀ, ਮੱਕਾਰ, ਗ਼ਦਾਰ ਸੱਭੇ,
ਫੜ੍ਹ ਕੇ ਗਰਦਨੋਂ ਤਰੁੰਡ ਮਰੁੰਡ ਦਿੱਤੇ।

ਡੌਲ੍ਹੇ ਫੜ੍ਹਕ ਉਠੇ, ਤੇਗੇ ਖੜਕ ਉਠੇ,
ਹੱਲਾ ਕੀਤਾ ਜਾਂ 'ਬੰਦੇ' ਸਰਹਿੰਦ ਉੱਤੇ।
'ਕਰੋ ਡੱਕਰੇ ਵੈਰੀ ਦੇ', ਬੀਰ ਗੱਜਿਆ,
ਖਾਓ ਤਰਸ ਨਾ ਕਿਸੇ ਵੀ ਜਿੰਦ ਉੱਤੇ।
ਇਹਨਾਂ ਬਿੱਛੂਆਂ ਡੰਗਿਆ ਹਿੰਦੀਆਂ ਨੂੰ,
ਇਹ ਨੇ ਭਾਰ ਅੱਜ ਸਾਡੜੀ ਹਿੰਦ ਉੱਤੇ।
ਇੱਟ-ਇੱਟ ਸਰਹਿੰਦ ਦੀ ਪੁੱਟ ਸੁੱਟੋ,
ਕਰ ਕੇ ਮਾਣ ਸਤਿਗੁਰੂ ਗੋਬਿੰਦ ਉੱਤੇ।

ਪਾਣ ਚੜ੍ਹੀ ਫਿਰ ਗ਼ੈਰਤ ਦੀ ਖੰਡਿਆਂ ਨੂੰ,
ਭੱਥੇ ਤੀਰਾਂ ਦੇ ਚਿਲਿਉਂ ਸ਼ੂਕ ਉੱਠੇ।
ਲੜੀ ਅਣਖ ਇਉਂ ਸਿੰਘਾਂ ਦੀ ਦੇਸ਼ ਖਾਤਰ,
'ਤੌਬਾ! ਤੌਬਾ!' ਦੀ ਰਣੇਂ ਪਈ ਹੂਕ ਉੱਠੇ।

'ਬੰਦਾ' ਬੁੜ੍ਹਕਿਆ, ਗੁੱਸੇ ਵਿਚ ਝੱਗ ਸੁਟਦਾ,
ਕਿੱਥੇ ਗਈ ਵਜ਼ੀਰਿਆ, ਸ਼ਾਨ ਤੇਰੀ?
ਕਿੱਥੇ ਗਈ ਊ ਜ਼ੁਲਮੀ ਤਲਵਾਰ ਤਿੱਖੀ,
ਕਿੱਥੇ ਗਈ ਅੱਜ ਪਾਪੀ ਜ਼ਬਾਨ ਤੇਰੀ?
ਕਿੱਥੇ ਗਈ ਸਰਹਿੰਦ ਦੀ ਪਾਤਸ਼ਾਹੀ,
ਕਿੱਥੇ ਗਈ ਉਹ ਇਜ਼ਤ ਤੇ ਆਨ ਤੇਰੀ?
ਜਿਦ੍ਹੇ ਨਸ਼ੇ ਵਿਚ ਹੈ ਗਲਤਾਨ ਖ਼ੂਨੀ,
ਕੜਕੀ ਬਾਲਾਂ ਤੇ ਆਣ ਕ੍ਰਿਪਾਨ ਤੇਰੀ?''

ਕਿੱਥੇ ਸੀ ਇਹ ਹੰਝੂ ਨਾ-ਪਾਕ ਓਦੋਂ,
ਦਿਤੇ ਕੰਧਾਂ ਦੇ ਵਿੱਚ ਜਾਂ ਬੀੜ ਬੱਚੇ?
ਜੱਫੀ ਪਾ ਓਏ ਮੌਤ ਨੂੰ ਹੱਸ ਖਾਨਾ,
ਲੁਕਮਾ ਮੌਤ ਦੇ ਹੋਏ ਜਿਉਂ ਬੀਰ ਬੱਚੇ।

ਕੀ ਤੂੰ ਉਹੀਓ ਨਹੀਂ ਅਣਖੀ ਦਲੇਰ 'ਬੰਦਾ',
ਜਿੰਨ੍ਹੇ ਤੋੜੇ ਸੀ ਲੱਕ ਅਭਿਮਾਨੀਆਂ ਦੇ?
ਕੀ ਤੂੰ ਉਹੀਓ ਨਹੀਂ, ਜਿਸ ਦੀ ਭਬਕਣਾ ਤੋਂ,
ਹੈ ਸੀ ਕੰਬਦੇ ਕਿਲ੍ਹੇ ਮੁਗਲਾਨੀਆਂ ਦੇ?
ਕੀ ਤੂੰ ਉਹੀਓ ਨਹੀਂ, ਜਿਸਦੀ ਤੇਗ ਤਿੱਖੀ,
ਕੀਤੇ ਸੱਖਣੇ ਘਰ ਅਫ਼ਗਾਨੀਆਂ ਦੇ?
ਕੀ ਤੂੰ ਉਹੀਓ ਨਹੀਂ, ਜਿਸ ਦੀ ਚੜ੍ਹਤ ਤੱਕ ਕੇ,
ਡੌਲ੍ਹੇ ਫੜਕ ਉਠੇ ਹਿੰਦੁਸਤਾਨੀਆਂ ਦੇ?

ਉਹੀਓ ਲਾਜ ਇਹ ਹਿੰਦ ਦੇ ਵਾਸੀਆਂ ਦੀ,
ਜਿੰਨ੍ਹੇ ਸੰਗਲ ਗੁਲਾਮੀ ਦੇ ਤੋੜ ਦਿਤੇ।
ਮੁਗਲਸ਼ਾਹੀ ਦੇ ਜਿਗਰ ਦੇ ਖ਼ੂਨ ਅੰਦਰ,
ਓਹਦੇ ਤਖ਼ਤ ਤੇ ਬਖ਼ਤ ਵੀ ਰੋੜ੍ਹ ਦਿੱਤੇ।

ਸ਼ੇਰ ਅਣਖ ਨੂੰ ਖ਼ੂਬ ਪਛਾਣਦਾ ਏ,
ਭਾਵੇਂ ਕੈਦ ਤੇ ਭਾਵੇਂ ਆਜ਼ਾਦ ਹੋਵੇ।
ਉਹਦੀ ਗਰਜ ਨਾ ਕਦੇ ਵੀ ਲਰਜ਼ ਖਾਵੇ,
ਭਾਵੇਂ ਦੁੱਖੀ ਹੋਵੇ ਭਾਵੇਂ ਸ਼ਾਦ ਹੋਵੇ।
ਆਪਣੇ ਆਪ ਚਿ ਰਹੇ ਉਹ ਮਸਤ ਹਰਦਮ,
ਬੇ-ਘਰਾ, ਤੇ ਭਾਵੇਂ ਆਬਾਦ ਹੋਵੇ।
ਉਹਦਾ ਕੰਮ ਹੈ ਅਣਖ ਲਈ ਡਟ ਜਾਣਾ,
ਭਾਵੇਂ ਸਾਹਮਣੇ ਖੜ੍ਹਾ ਜੱਲਾਦ ਹੋਵੇ।

'ਫ਼ਰੁਖਸੀਅਰ' ਨੂੰ ਕਿਹਾ ਲਲਕਾਰ 'ਬੰਦੇ'
ਸੀਸ ਕੱਟੇ ਤਾਂ ਕੱਟੇ, ਪਰ ਝੁਕਣਾ ਨਹੀਂ
'ਪਾਂਧੀ' ਡੁਲ੍ਹਿਆ ਖ਼ੂਨ ਸ਼ਹੀਦ ਦਾ ਏ
ਕਦੇ ਏਸ ਨੇ ਧਰਤ ਤੋਂ ਸੁੱਕਣਾ ਨਹੀਂ

['ਸਚਖੰਡ ਪੱਤਰ' ਅਗਸਤ ੮੯ ਚੋਂ



www.AKJ.Org

# ਗੁਰੂ ਕੀ ਗੋਲਕ

ਬਾਹਰ ਕੀ ਅਗਨਿ ਬੂਝਤ ਜਲ ਸਰਿਤਾ ਕੈ, ਨਾਉ ਮੈ ਜੋ ਅਗਨਿ ਲਾਗੈ ਕੈਸੇ ਕੈ ਬੁਝਾਈਐ ?
ਬਾਹਰ ਸੈ ਭਾਗਿ ਓਟ ਲੀਜੀਅਤ ਕੋਟ ਗੜ੍ਹ, ਗੜ੍ਹ ਮੈ ਜੋ ਲੂਟਿ ਲੀਜੈ ਕਹੋ ਕਤ ਜਾਈਐ ?
ਚੋਰਨ ਕੈ ਤ੍ਰਾਸ ਜਾਇ ਸਰਨਿ ਗਹੇ ਨਰਿੰਦ, ਮਾਰੇ ਮਹੀਪਤਿ ਜੀਉ ਕੈਸੇ ਕੈ ਬਚਾਈਐ ?
ਮਾਇਆ ਡਰ ਡਰਪਤ ਹਾਰਿ ਗੁਰਦਵਾਰਿ ਜਾਵੈ,ਤਹਾਂ ਜੋ ਮਾਇਆ ਬਿਆਪੈ ਕਹਾਂ ਠਹਰਾਈਐ ?

[ ਭਾਈ ਗੁਰਦਾਸ ਜੀ ਕਬਿਤ ੫੫੪

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਗੁਰਸਿਖ ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਵਲੋਂ ਹੇਠ ਲਿਖੇ ਅਨੁਸਾਰ ਰਕਮਾਂ ਪੁਜੀਆਂ ਹਨ—

| | |
|---|---|
| ਭਾ: ਸੁਰਿੰਦਰ ਸਿੰਘ ਸਪੁਤਰ ਭਾ:ਸਤਨਾਮ ਸਿੰਘ,ਫਲੇਵਾਲ | ੮੫-੦੦ |
| ਸ: ਸੰਤਾ ਸਿੰਘ ਅਕਾਲੀ, ਫਲੇਵਾਲ (ਲੁਧਿਆਣਾ) | ੫-੦੦ |
| ਸ: ਤੀਰਥ ਸਿੰਘ, ਜਨਕਪੁਰੀ, ਨਵੀਂ ਦਿਲੀ | ੨੫-੦੦ |
| ਸ: ਪ੍ਰਦੰਮਨ ਸਿੰਘ, ੨੯-ਸ਼ਿਵ ਪਾਰਕ, ਜਲੰਧਰ | ੧੦੦-੦੦ |
| ਸ: ਸੁਰਜੀਤ ਸਿੰਘ, 2069/21-ਸੀ, ਚੰਡੀਗੜ੍ਹ | ੧੨੫-੦੦ |
| ਸ: ਜੋਗਿੰਦਰ ਸਿੰਘ, ਲਾਇਸੈਸਟਰ ਯੂ ਕੇ | ੫੧੭੮-੭੦ |
| ਭਾ: ਸਤਿਨਾਮ ਸਿੰਘ ਬੰਬੇ ਵਾਲੇ, ਭੁਜੰਗੀ ਦੇ ਅਨੰਦਸਮੇ' | ੫੭੪-੦੦ |
| ਸ: ਤਾਰਾ ਸਿੰਘ ਹਰਭਜਨ ਸਿੰਘ, ਮਲਾਡ, ਬੰਬੇ | ੨੫੦-੦੦ |
| ਸ: ਰਘੂਜੀਤਸਿੰਘ ਭਿੰਡਰ Leonly (ਅਸਟ੍ਰੇਲੀਆ) | ੫੦੦-੦੦ |
| ਭਾ: ਮੰਗਲ਼ ਸਿੰਘ, ਸਾਊਥਹਾਲ ਯੂ. ਕੇ. | ੫੩੮-੨੦ |
| ਬੀ:ਹਰਬੰਸ ਕੌਰ c/o ਭਾ: ਗੁਰਨਾਮ ਸਿੰਘ ਰੈਡਿੰਗ ,, | ੧੦੩-੫੦ |
| ਸ੍ਰੀ ਗੁਰੂ ਨਾਨਕ ਪ੍ਰਕਾਸ਼ ਸਿੰਘ ਸਭਾ, ਬ੍ਰਿਸਟਲ ਯੂ. ਕੇ. | ੫੩੮-੨੦ |
| ਸੰਗਤ ਗੁਰੂ ਨਾਨਕ ਸਤਸੰਗ ਸਭਾ ਮੇਡਲਹੈਡ ਬਰਕਸ | ੮੫੨-੪੦ |
| ਸੰਗਤ, ਸਾਊਥਹਾਲ c/o ਭਾ ਸਤਿੰਦਰ ਸਿੰਘ ਯੂ.ਕੇ. | ੩੧੮੭-੩੦ |
| ਭਾਈ ਮੰਗਲ ਸਿੰਘ, ਸਾਊਥ ਹਾਲ ਯੂ. ਕੇ. | ੧੦੧੮-੭੦ |
| ਬੀ: ਹਰਸਿਮਰਨ ਕੌਰ ਡਡਲੀ ,, | ੧੬੦੦-੦੦ |
| ਸੰਗਤ ਡਡਲੀ (ਰੈਣ ਸਬਾਈ ਕੀਰਤਨ ਸਮੇਂ) | ੮੭੩-੨੦ |
| ਗੁਰਦੁਆਰਾ ਸਿੰਘ ਸਭਾ ਪੈਰਿਸ, ਫਰਾਂਸ | ੯੭੮੩-੯੨ |
| ਸ: ਨਾਨਕ ਸਿੰਘ, ਸਮਰੁਧੀ | ੧੬੦੦੦-੦੦ |
| ਭਾ: ਮਨਜੀਤ ਸਿੰਘ, ਅੰਮ੍ਰਿਤਸਰ | ੧੦੦੦-੦੦ |
| ਭਾ: ਪ੍ਰਿਤਪਾਲ ਸਿੰਘ, ਫੈਂਸੀ ਸਟੋਰ, ਆਦਮਪੁਰ | ੧੦੦-੦੦ |
| ਸ: ਮਨਜੀਤ ਸਿੰਘ, ਜਮਾਲਪੁਰ (ਲੁਧਿਆਣਾ) | ੧੦੦-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿੱਤੀ ਗਈ ਸਹਾਇਤਾ

| | |
|---|---|
| ਬੀਬੀ ਗੁਰਮੇਜ ਕੌਰ ਸੁਪਤਨੀ ਭਾਈ ਗੁਰਦਿਤ ਸਿੰਘ ਅੰਮ੍ਰਿਤਸਰ | ੫੦੦੦-੦੦ |
| ਬੀਬੀ ਪਰਮਜੀਤ ਕੌਰ ਸੁਪਤਨੀ ਭਾਈ ਗੁਰਜਿੰਦਰ ਸਿੰਘ (ਬੁਖਾਰੋਂ ਤੋਂ) ਅੰਮ੍ਰਿਤਸਰ | ੫੦੦੦-੦੦ |
| ਬੀਬੀ ਜਸਵੰਤ ਕੌਰ ਸੁਪਤਨੀ ਸ: ਜੋਗਿੰਦਰ ਸਿੰਘ, ਅਖਾੜਾ ਨੂੰ ਮਾਸਕ ਸਹਾਇਤਾ | ੩੦੦-੦੦ |

ਸੋਧ—ਅਗਸਤ ਸੂਰਾ ਵਿਚ ਭਾ: ਗੁਰਦਿਤ ਸਿੰਘ ਨੂੰ ਸਹਾਇਤਾ ੫੦੦ ਨਹੀਂ, ੫੦੦੦ ਦਿਤੀ ਗਈ ਹੈ ਜੀ ।

ਨੋਟ—ਸ਼ਹੀਦੀ ਫੰਡ ਦੀ ਸਹਾਇਤਾ ਕਿਸੇ ਦੇ ਨਾਮ ਨਹੀਂ, ਸਗੋਂ "ਅਖੰਡ ਕੀਰਤਨੀ ਜਥਾ, ਅੰਮ੍ਰਿਤਸਰ" ਦੇ ਨਾਂ ਭੇਜੋ ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ ਸ੍ਰੀ ਅੰਮ੍ਰਿਤਸਰ

# ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | |
|---|---|
| ਸੰਤ ਪਦ ਨਿਰਣਯ | ੬-੫੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ |
| ਅਣਡਿਠੀ ਦੁਨੀਆ | ੧੦-੦੦ |
| ਵਾਹਿਗੁਰੂ ਸਿਮਰਨ | ੦-੫੦ |
| ਉਮਰ ਕੈਦੀ ਦਾ ਸੁਪਨਾ | ੦-੭੫ |
| ਬਾਬਾ ਵੈਦ ਰੋਗੀਆਂ ਦਾ | ੦-੬੦ |
| ਆਸਤਕ ਤੇ ਨਾਸਤਕ | ੦-੩੫ |
| ਸਿਖੀ ਸਿਦਕ ਤੇ ਧਰਮ ਰੱਖਿਆ (ਕਾਵਿ) | ੦-੬੦ |
| ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਰੰਗਲੇ ਸਜਣ | ੭-੦੦ |
| ਗੁਰਮਤਿ ਬਿਬੇਕ | ੭-੫੦ |
| ਦਰਸ਼ਨ ਝਲਕਾਂ | ੫-੦੦ |
| ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿਘ | ੦-੨੫ |
| ਜਥੇ ਦੇ ਸਿੰਘਾਂ ਦੀ ਦਾਸਤਾਨ (ਕਾਵਿ) | ੦-੫੦ |



www.AKJ.Org

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ

12 ਸਤੰਬਰ ਸ਼ਨੀਵਾਰ ਰਾਤ ਨੂੰ ਗੁਰਦਵਾਰਾ ਸਾਹਿਬ, ਪ੍ਰਾਸਪੈਕਟ ਸਟਰੀਟ, ਹਡਰਸਫੀਲਡ ਵਿਖੇ
Gurdwara Sahib, Prospect street, Huddersfield (U. K.)
ਪੁਛ ਗਿਛ ਗੁਰਦਵਾਰਾ ਫ਼ੋਨ 0484-24311, ਜਥੇਦਾਰ ਦੀਦਾਰ ਸਿੰਘ 0484—545165

## ਇੰਗਲੈਂਡ ਦੇ ਲਾਈਫ਼ ਮੈਂਬਰਾਂ ਦੇ ਬਕਾਏ ਅਤੇ ਚੰਦੇ ਯੂ. ਕੇ. ਵਿਚ ਜਮ੍ਹਾ ਕਰਾਉ ਜੀ

S. Gurnam Singh, 10-Lamborne Gardens, Early, Reading, Berks [U.K.]

---

## ਸ਼ਹੀਦਾਂ ਦੀ ਯਾਦ ਵਿਚ ਗੁ: ਟਾਹਲੀ ਸਾਹਿਬ (ਸੰਤੋਖਸਰ) 26 ਸਤੰਬਰ ਰਾਤ ਰੈਣ ਸਬਾਈ

---

## ਸ੍ਰੀ ਅੰਮ੍ਰਿਤਸਰ ਵਿਖੇ ਹਫ਼ਤੇਵਾਰ ਐਤਵਾਰ ਦੇ ਕੀਰਤਨ ਪ੍ਰੋਗਰਾਮ (ਸਵੇਰੇ ੬ ਤੋਂ ੧੧)

6 ਸਤੰਬਰ ਭਾ: ਮੁਖਤਾਰ ਸਿੰਘ ਦਲਜੀਤ ਸਿੰਘ, ਦੁਧ ਦੀ ਡੇਰੀ ਵਾਲੇ, ਆਜ਼ਾਦ ਨਗਰ, ਸੌ ਫੁਟੀ ਸੜਕ
13 ,, ਸ: ਦਵਿੰਦਰ ਸਿੰਘ (ਸਾਹਨੀ), 78-ਅਜੀਤ ਨਗਰ, ਢੀਂਗਰਾ ਹਸਪਤਾਲ ਦੇ ਨੇੜੇ
20 ,, ਭਾ: ਗਿਆਨ ਸਿੰਘ ਸਿੰਧਰੀ ਵਾਲੇ, 93-ਕ੍ਰਿਸ਼ਨਾ ਸੁਕੇਅਰ, ਸ਼ਵਾਲਾ ਰੋਡ, ਪਿਛੇ ਜੈਨਸਨ ਮੋਟਰਜ਼
27 ,, ਭਾਈ ਦਲਜੀਤ ਸਿੰਘ, (ਖਾਲਸਾ ਬ੍ਰਦਰਜ਼) 84-ਅਜੀਤ ਨਗਰ

3 ਅਕਤੂਬਰ ਸਨੀਵਾਰ ਰਾਤ ਰੈਣ ਸਬਾਈ ਕੀਰਤਨ ਸਾਲਾਨਾ ਕੇਂਦਰੀ ਸਮਾਗਮ ਦਿਲੀ ਵਿਖੇ

## ਮੋਗਾ ਵਿਖੇ ਅਖੰਡ ਕੀਰਤਨ ਪ੍ਰੋਗਰਾਮ

(1) 6 ਸਤੰਬਰ ਐਤਵਾਰ ਸਵੇਰੇ 6 ਤੋਂ 10 ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ, ਦੁਸਾਂਝ ਰੋਡ
(2) 23 ,, ਬੁੱਧਵਾਰ ਸਵੇਰੇ 5 ਤੋਂ 8-30 ਭਾਈ ਕਰਨੈਲ ਸਿੰਘ ਜੀ ਆਰੇ ਵਾਲੇ, ਪੁਰਾਣਾ ਮੋਗਾ
(3) 27 ,, ਐਤਵਾਰ ਸਵੇਰੇ 6 ਤੋਂ 11 ,, ,, ,, ,,

## ਯਮਨਾ ਨਗਰ ਜਗਾਧਰੀ ਦਾ ਬਦਲਿਆ ਹੋਇਆ ਸਾਲਾਨਾ ਕੀਰਤਨ ਪ੍ਰੋਗਰਾਮ

17 ਸਤੰਬਰ ਸ਼ਾਮ 7 ਤੋਂ 9 ਗੁਰਦੁਆਰਾ ਸ਼ਸਤਰ ਸਾਹਿਬ ਚਾਂਦਪੁਰ ਯਮੁਨਾ ਨਗਰ, 18 ਸਤੰਬਰ ਸ਼ਾਮ 7 ਤੋਂ 9 ਗੁ: ਸ੍ਰੀ ਗੁਰੂ ਸਿੰਘ ਸਭਾ ਜਗਾਧਰੀ ਵਰਕਸ਼ਾਪ, 19 ਸਤੰਬਰ ਸਵੇਰੇ 5 ਤੋਂ 12 ਅਤੇ ਰਾਤ ਰੈਣ ਸਬਾਈ ਕੀਰਤਨ ਗੁਰਦੁਆਰਾ ਲੋਹਾਰਾ ਮਹੱਲਾ ਵਿਖੇ ਆਇ ਜੁੜੋ ਜੀ। 20 ਸਤੰਬਰ ਐਤਵਾਰ ਸਵੇਰੇ ਸਮਾਪਤੀ।

## ਮੰਡੀ ਗੋਬਿੰਦਗੜ੍ਹ ਜੀ.ਟੀ. ਰੋਡ (ਨੇੜੇ ਚੀਮਾ ਪਟਰੋਲ ਪੰਪ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾ: ਸਤਵੰਤ ਸਿੰਘ ਸੂਚਨਾ ਦੇਂਦੇ ਹਨ ਕਿ 19 ਸਤੰਬਰ ਸ਼ਨੀਵਾਰ ਰਾਤ ਨੂੰ ਭਾਈ ਜੋਗਿੰਦਰ ਸਿੰਘ ਕਲਸੀ ਐਂਡ ਸਨਜ਼ ਦੇ ਗ੍ਰਿਹਿ ਵਿਚ ਆਇ ਜੁੜੋ ਜੀ।

## ਚੰਡੀਗੜ੍ਹ 1470, ਸੈਕਟਰ 43-ਬੀ ਹਰ ਬੁਧਵਾਰ ਸ਼ਾਮ 7 ਤੋਂ 8 ਗੁਰਬਾਣੀ ਕੀਰਤਨ ਸੁਣੋ

---

# 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਧੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੦-੯੦ |

| | |
|---|---|
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ | ੧-੦੦ |
| ਗੁਰਬਾਣੀ ਰਹਿਤਨਾਮਾ ਸੰਗ੍ਰਹਿ ਕਰਤਾ—ਭਾਈ ਰਾਮ ਸਿੰਘ ਜੀ | ੦-੫੦ |
| ਰਾਗਮਾਲਾ ਬਾਰੇ ਵਿਚਾਰ (ਪੰਥ ਦੇ ਉਘੇ ੬ ਵਿਦਵਾਨਾਂ ਦੇ ਖੋਜ-ਭਰਪੂਰ ਲੇਖ) | ੧-੦੦ |

www.AKJ.Org

# ਦਿਲੀ ਵਿਖੇ ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ

## ਵੀਰਵਾਰ ੧ ਅਕਤੂਬਰ ਸਵੇਰ ਤੋਂ ੪ ਅਕਤੂਬਰ ੧੯੮੭ ਐਤਵਾਰ ਸਵੇਰ ਤਕ

ਸਦਾ ਵਾਂਗ ਸਤਿਗੁਰੂ ਸਚੇ ਪਾਤਸ਼ਾਹ ਦੀ ਬਖਸ਼ਸ਼ ਸਦਕਾ ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਕੀਰਤਨੀ ਜਥਿਆਂ ਵਲੋਂ ਕੀਰਤਨ-ਸਮਾਗਮ ਜੁੜ ਰਹੇ ਹਨ। ਹੇਠ ਲਿਖੇ ਪ੍ਰੋਗਰਾਮ ਅਨੁਸਾਰ ਆਇ ਜੁੜੋ ਜੀ।

| ਆਸਾ ਦੀ ਵਾਰ (ਅਰੰਭ ੫-੩੦) | ਕੀਰਤਨ ਸੋਦਰ (੭ ਤੋਂ ੯) |
|---|---|
| ੧-੧੦-੮੭ ਗੁਰਦੁਆਰਾ ਸੀਸ ਗੰਜ ਸਾਹਿਬ, ਚਾਂਦਨੀ ਚੌਕ | ਗੁਰਦੁਆਰਾ ਬੰਗਲਾ ਸਾਹਿਬ |
| ੨-੧੦-੮੭ ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਬੰਗਲਾ ਸਾਹਿਬ |
| ੩-੧੦-੮੭ ਗੁਰਦੁਆਰਾ ਬੰਗਲਾ ਸਾਹਿਬ | ਰੈਣ ਸਬਾਈ ਅਰੰਭ ੮ ਵਜੇ ਗੁ: ਰਕਾਬਗੰਜ ਹਾਲ ਵਿਖੇ |
| ਅੰਮ੍ਰਿਤ ਸਿੰਚਾਰ ੩ ਅਕਤੂਬਰ ਦਿਨੇ ਦੋ ਵਜੇ ਗੁ: ਰਕਾਬਗੰਜ | (੪ ਅਕਤੂਬਰ ਸਵੇਰੇ ੬ ਵਜੇ ਸਮਾਪਤੀ) |

ਸੰਗਤਾਂ ਦਾ ਉਤਾਰਾ—ਗੁਰੂ ਤੇਗ ਬਹਾਦਰ ਖਾ: ਹਾ: ਸੈਕੰਡਰੀ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀਂ ਦਿਲੀ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ ਦਿਲੀ

---

## ਪੱਟੀ (ਅੰਮ੍ਰਿਤਸਰ) ਗੁਰਦੁਆਰਾ ਬਾਬਾ ਰਿਖੀ ਜੀ, ਵਾਰਡ ਨੰ: ੫ ਵਿਖੇ ਰੈਣ ਸਬਾਈ ਕੀਰਤਨ

ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸ਼ਵ ਸਬੰਧ ਵਿਚ ਅਖੰਡ ਕੀਰਤਨੀ ਜਥਾ ਪੱਟੀ ਸਰਕਲ ਵਲੋਂ 5 ਸਤੰਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਉਪਰੰਤ ਦੁਪਹਿਰ ਤਕ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਵਿਖੇ ਆਇ ਜੁੜੋ ਜੀ।

## ਨੌਜੁਆਨ ਅਖੰਡ ਕੀਰਤਨੀ ਜਥਾ ਬਰੇਲੀ ਵਲੋਂ ਰੈਣ ਸਬਾਈ ਕੀਰਤਨ

16 ਸਤੰਬਰ ਬੁਧਵਾਰ ਰਾਤ ਨੂੰ ਗੁਰਦੁਆਰਾ ਭਾਈ ਜੀ ਬਾਬਾ, ਸਿਵਲ ਲਾਈਨ ਵਿਖੇ ਆਇ ਜੁੜੋ ਜੀ।

## ਫਗਵਾੜਾ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ (ਕਚਹਿਰੀ ਦੇ ਸਾਹਮਣੇ) ਵਿਖੇ ਸਲਾਨਾ ਸਮਾਗਮ

ਅਖੰਡ ਕੀਰਤਨੀ ਜਥਾ ਫਗਵਾੜਾ-ਗੁਰਾਇਆ ਵਲੋਂ 19 ਸਤੰਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ 10 ਵਜੇ ਤਕ ਕੀਰਤਨ, ਸ਼ਾਮ 7 ਵਜੇ ਅੰਮ੍ਰਿਤ ਸਿੰਚਾਰ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਵਿਖੇ ਆਇ ਜੁੜੋ ਜੀ।

## ਤਰਨ ਤਾਰਨ, 12/139 ਗਲੀ ਇੰਦਰ ਸਿੰਘ (ਸਾਹਮਣੇ S.D.M. ਕਚਹਿਰੀ) ਵਿਖੇ ਸਮਾਗਮ

ਭਾਈ ਮਨੋਹਰ ਸਿੰਘ ਦਰਦੀ ਦੇ ਗ੍ਰਿਹਿ 11 ਸਤੰਬਰ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ 11 ਵਜੇ ਤਕ ਕੀਰਤਨ

## ਪਿੰਡ ਪਨਾਮ (ਨੇੜੇ ਗੜ੍ਹ ਸ਼ੰਕਰ) ਵਿਖੇ 3 ਅਕਤੂਬਰ ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ

ਭਾਈ ਜੁਗਿੰਦਰ ਸਿੰਘ ਸਪੁਤਰ ਭਾ: ਤਾਰਾ ਸਿੰਘ (ਬੈਂਸ) ਦੇ ਗ੍ਰਿਹਿ ਵਿਖੇ ਰਾਤ ਦੇ ਕੀਰਤਨ ਵਿਚ ਆਇ ਜੁੜੋ ਜੀ।

## ਗੁਰਦੁਆਰਾ ਪਾ: ੬ ਪੁਲ ਪੁਖਤਾ ਜ਼ਿਲਾ ਹੁਸ਼ਿਆਰਪੁਰ ਵਿਖੇ ਗੁਰਮਤਿ ਸਮਾਗਮ

19 ਸਤੰਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ, ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਜੁੜੋ ਜੀ। ਅੰਮ੍ਰਿਤ ਸਿੰਚਾਰ ਸ਼ਾਮ 7 ਵਜੇ ਹੋਵੇਗਾ! ਪਿੰਡ ਪੁਲ ਪੁਖਤਾ ਟਾਂਡਾ ਤੋਂ 4 ਕਿਲੋਮੀਟਰ, ਹੁਸ਼ਿਆਰਪੁਰ-ਮਿਆਣੀ ਰੋਡ ਤੇ ਹੈ।

## ਗੁ: ਸ੍ਰੀ ਗੁਰੂ ਸਿੰਘ ਸਭਾ ਸ਼ਾਹ ਕੋਟ (ਤਸੀਲ ਨਕੋਦਰ) ਵਿਖੇ ਰੈਣ ਸਬਾਈ ਕੀਰਤਨ

ਇਲਾਕਾ ਸ਼ਾਹ ਕੋਟ-ਨਕੋਦਰ ਦੀਆਂ ਸੰਗਤਾਂ ਵਲੋਂ 19 ਸਤੰਬਰ ਸ਼ਨੀਵਾਰ ਰਾਤ ਨੂੰ ਕੀਰਤਨ ਵਿਚ ਆਇ ਜੁੜੋ ਜੀ।

## ਪਿੰਡ ਹਮੀਰਗੜ੍ਹ (ਨੇੜੇ ਭਗਤਾ ਭਾਈ ਜ਼ਿਲਾ ਬਠਿੰਡਾ) ਵਿਖੇ 19 ਸਤੰਬਰ ਨੂੰ ਰੈਣ ਸਬਾਈ ਕੀਰਤਨ

ਭਾਈ ਬਲਬੀਰ ਸਿੰਘ ਜੀ ਰਾਤ ਕੀਰਤਨ ਵਿਚ ਦਰਸ਼ਨ ਦੇਣ ਲਈ ਸੰਗਤਾਂ ਨੂੰ ਜੋਦੜੀ ਕਰਦੇ ਹਨ।

---



www.AKJ.Org